# MADERA ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ

# ਚੋਣ ਪ੍ਰਸ਼ਾਸਨ ਯੋਜਨਾ

**E.C. 4005 (a) (10) (I)**

**ਅਪਣਾਈ ਗਈ ਸੰਸ਼ੋਧਿਤ ਯੋਜਨਾ 4.2 - 7 ਸਤੰਬਰ, 2023**

# ਸੋਧੀ ਗਈ ਡ੍ਰਾਫਟ ਸੰਸ਼ੋਧਿਤ ਯੋਜਨਾ 4.2 - 6 ਸਤੰਬਰ, 2023
# ਸੋਧੀ ਗਈ ਡ੍ਰਾਫਟ ਸੰਸ਼ੋਧਿਤ ਯੋਜਨਾ 4.1 - 18 ਅਗਸਤ, 2023
# ਡ੍ਰਾਫਟ ਸੰਸ਼ੋਧਿਤ ਯੋਜਨਾ 4.0 - 27 ਜੁਲਾਈ, 2023

## ਵਿਸ਼ਾ-ਸਾਰਨੀ


ਭੂਮਿਕਾ ........ 3

ਸੰਖੇਪ ਜਾਣਕਾਰੀ ........ 3

ਡਾਕ-ਰਾਹੀਂ-ਵੋਟ ........ 4

ਵੋਟ ਕੇਂਦਰ ਅਤੇ ਬੈਲਟ ਡ੍ਰੋਪ-ਔਫ਼ ਦੀ ਥਾਂ ........ 4

ਵੋਟਿੰਗ ਟੈਕਨਾਲੋਜੀ ........ 5

ਵਿੱਤੀ ਪ੍ਰਭਾਵ ........ 5

ਨਿਸ਼ਕਰਸ਼ ........ 9

ਸੈਕਸ਼ਨ 1 - ਵੋਟਰ ਸਿੱਖਿਆ ਅਤੇ ਆਊਟਰੀਚ ਯੋਜਨਾ ........ 7

ਆਮ ਲੋੜਾਂ ........ 7

ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਉਟਰੀਚ ........ 9

ਅਸਮਰਥਤਾ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਉਟਰੀਚ ........ 17

ਸੈਕਸ਼ਨ 2 - ਚੋਣ ਪ੍ਰਸ਼ਾਸਨ ਯੋਜਨਾ - ਵੋਟ ਕੇਂਦਰ ਮਾਡਲ ........ 14

ਆਮ ........ 14

ਬੈਲਟ ਤਕ ਪਹੁੰਚ ........ 14

ਵੋਟ ਕੇਂਦਰ ਬਾਰੇ ਜ਼ਰੂਰੀ ਗੱਲਾਂ ........ 15

ਬੈਲਟ ਡ੍ਰੌਪ ਬੌਕਸ ਬਾਰੇ ਜ਼ਰੂਰੀ ਗੱਲਾਂ ........ 17
ਵੋਟ ਕੇਂਦਰ ਅਤੇ ਡ੍ਰੌਪ ਬੌਕਸ ਦੀਆਂ ਥਾਂਵਾਂ ਦੇ ਨਕਸ਼ੇ ........ 17
ਵਿਚਾਰ ਕਰਨ ਯੋਗ ਹੋਰ ਗੱਲਾਂ ........ 18
ਅੰਤਿਕਾਵਾਂ ਦੀ ਸੂਚੀ ........ 18

# ਭੂਮਿਕਾ

## ਸੰਖੇਪ ਜਾਣਕਾਰੀ

2016 ਵਿੱਚ ਕੈਲੀਫੋਰਨੀਆ ਨੇ ਮਤਦਾਤਾ ਚੋਣ ਐਕਟ (VCA) (EC 4005) ਨੂੰ ਅਪਣਾ ਕੇ ਚੋਣ ਕਾਨੂੰਨ ਵਿੱਚ ਇੱਕ ਵੱਡੀ ਤਬਦੀਲੀ ਨੂੰ ਕੋਡਬੱਧ ਕੀਤਾ। ਮਤਦਾਤਾ ਚੋਣ ਐਕਟ ਨੇ Madera ਕਾਉਂਟੀ (ਅਤੇ 13 ਹੋਰ ਕਾਉਂਟੀਆਂ) ਨੂੰ 2018 ਵਿੱਚ ਸ਼ੁਰੂ ਹੋਣ ਵਾਲੇ ਵੋਟ ਕੇਂਦਰਾਂ ਦੇ ਨਾਲ ਕਿਸੇ ਵੀ ਚੋਣ ਨੂੰ ਡਾਕ ਰਾਹੀਂ ਭੇਜੇ ਜਾਣ ਵਾਲੇ ਬੈਲਟ ਦੁਆਰਾ ਕਰਵਾਉਣ ਲਈ ਅਧਿਕਾਰਤ ਕੀਤਾ ਹੈ। Madera ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (MCROV) ਨੇ ਸਤੰਬਰ 2017 ਵਿੱਚ VCA ਮਾਡਲ ਅਪਣਾਇਆ।

2002 ਵਿੱਚ ਵੋਟਰਾਂ ਨੂੰ ਸਥਾਈ ਡਾਕ-ਰਾਹੀਂ-ਵੋਟ ਵਜੋਂ ਰਜਿਸਟਰ ਕਰਨ ਦੀ ਇਜਾਜ਼ਤ ਦੇਣ ਲਈ ਰਾਜ ਦੇ ਕਾਨੂੰਨ ਵਿੱਚ ਸੋਧ ਕੀਤੀ ਗਈ ਸੀ। ਉਦੋਂ ਤੋਂ ਡਾਕ-ਰਾਹੀਂ-ਵੋਟ (VBM) ਦੀ ਗਿਣਤੀ ਲਗਾਤਾਰ ਵੱਧ ਕੇ 2016 ਦੀਆਂ ਆਮ ਚੋਣਾਂ ਅਨੁਸਾਰ ਕਾਉਂਟੀ ਦੇ ਰਜਿਸਟਰਡ ਵੋਟਰਾਂ ਦਾ 67% ਹੋ ਗਈ ਹੈ।

Madera ਕਾਉਂਟੀ ਵੋਟਰਾਂ ਦੇ ਰਜਿਸਟਰਾਰ ਨੇ ਸਤੰਬਰ 2017 ਵਿੱਚ ਇੱਕ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਅਤੇ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੋਵਾਂ ਦੀ ਸਥਾਪਨਾ ਕੀਤੀ। ਇਹ ਕਮੇਟੀਆਂ MCROV ਨੂੰ ਮਹੱਤਵਪੂਰਨ ਫੀਡਬੈਕ ਪ੍ਰਦਾਨ ਕਰਨ ਲਈ ਸਥਾਪਿਤ ਕੀਤੀਆਂ ਗਈਆਂ ਸਨ।

VCA ਅਨੁਸਾਰ MCROV ਨੂੰ ਹਰ 4 ਸਾਲਾਂ ਬਾਅਦ ਚੋਣ ਪ੍ਰਸ਼ਾਸਨ ਯੋਜਨਾ (EAP) ਨੂੰ ਸੋਧਣ ਦੀ ਲੋੜ ਹੁੰਦੀ ਹੈ। ਯੋਜਨਾ ਦਾ ਉਦੇਸ਼ ਹੈ ਸਭ ਨੂੰ ਸ਼ਾਮਲ ਕਰਨਾ; ਸਾਡੇ ਭਾਸ਼ਾ ਅਤੇ ਅਸਮਰਥਤਾ ਭਾਈਚਾਰਿਆਂ ਸਮੇਤ ਵੱਖ-ਵੱਖ ਹਿੱਤਧਾਰਕਾਂ, ਦਿਲਚਸਪੀ ਸਮੂਹਾਂ ਅਤੇ ਭਾਈਚਾਰਕ ਮੈਂਬਰਾਂ ਤੋਂ ਫੀਡਬੈਕ ਦੀ ਨੁਮਾਇੰਦਗੀ ਕਰਨਾ। ਚੋਣ ਜ਼ਾਬਤਾ 4005(a)(10)(G) ਦੇ ਅਨੁਸਾਰ MCROV 2024 ਦੀ ਚੋਣ ਸਾਈਕਲ ਲਈ ਚੋਣ ਪ੍ਰਸ਼ਾਸਨ ਯੋਜਨਾ ਨੂੰ ਸੋਧ ਰਿਹਾ ਹੈ।

MCROV ਨੇ ਸੋਧੀ ਹੋਈ ਯੋਜਨਾ ਦੇ ਖਰੜੇ ਬਾਰੇ ਜਨਤਕ ਰਾਏ ਮੰਗਣ ਲਈ ਇੱਕ ਜਨਤਕ ਸੁਣਵਾਈ ਦੀ ਯੋਜਨਾ ਬਣਾਈ ਹੈ। ਇਸ ਤੋਂ ਇਲਾਵਾ ਕਾਉਂਟੀ ਚੋਣ ਦਫ਼ਤਰ ਖਾਸ ਤੌਰ 'ਤੇ ਉਹਨਾਂ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਰਾਏ ਮੰਗ ਕਰ ਰਿਹਾ ਹੈ ਜੋ ਅੰਗਰੇਜ਼ੀ ਵਿੱਚ ਸੀਮਤ ਮੁਹਾਰਤ ਵਾਲੇ ਅਤੇ ਅਸਮਰਥਤਾ ਵਾਲੇ ਭਾਈਚਾਰਿਆਂ ਦੀ ਨੁਮਾਇੰਦਗੀ ਕਰਦੇ ਹਨ।

ਖਰੜਾ ਸੰਸ਼ੋਧਿਤ ਪ੍ਰਸ਼ਾਸਨ ਯੋਜਨਾ ਲਈ ਜਨਤਕ ਰਾਏ ਦੀ ਮਿਆਦ 31 ਜੁਲਾਈ, 2023 ਨੂੰ ਸ਼ੁਰੂ ਹੋਈ ਅਤੇ 14 ਅਗਸਤ, 2023 ਨੂੰ ਸ਼ਾਮ 5:00 ਵਜੇ ਸਮਾਪਤ ਹੋ ਗਈ। 11 ਅਗਸਤ, 2023 ਨੂੰ ਦੁਪਹਿਰ 3:00 ਵਜੇ, 200 West Fourth Street, Madera, CA 93637 ਵਿਖੇ ਸਥਿਤ Madera ਕਾਉਂਟੀ ਦੇ ਸਰਕਾਰੀ ਸੈਂਟਰ ਵਿਖੇ, ਕਨੂੰਨ ਦੀ ਦੁਆਰਾ ਲੋੜ

ਅਨੁਸਾਰ, ਭਾਈਚਾਰੇ ਨੂੰ ਯੋਜਨਾ 'ਤੇ ਜਨਤਕ ਤੌਰ 'ਤੇ ਰਾਏ ਦੇਣ ਦਾ ਮੌਕਾ ਦੇਣ ਲਈ ਇੱਕ ਨੋਟਿਸ ਵਾਲੀ ਜਨਤਕ ਸੁਣਵਾਈ ਕੀਤੀ ਗਈ।

EAP ਦਾ ਮਕਸਦ VCA ਨੂੰ ਲਾਗੂ ਕਰਨ ਦੇ ਸੰਬੰਧ ਵਿੱਚ Madera ਕਾਉਂਟੀ ਦੇ ਵੋਟਰਾਂ ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਤਰ੍ਹਾਂ, ਇੱਥੇ ਅਸੀਂ ਡਾਕ-ਰਾਹੀਂ-ਵੋਟ (VBM) ਪ੍ਰਕਿਰਿਆ, ਵੋਟ ਕੇਂਦਰਾਂ ਦੇ ਪ੍ਰਸਤਾਵਿਤ ਸਥਾਨਾਂ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਂਵਾਂ (BDOL), ਤੈਨਾਤ ਕੀਤੀ ਜਾਣ ਵਾਲੀ ਟੈਕਨਾਲੋਜੀ ਅਤੇ ਸਾਡੀ ਵੋਟਰ ਸਿੱਖਿਆ ਅਤੇ ਆਊਟਰੀਚ (ਲੋਕਾਂ ਤੱਕ ਪਹੁੰਚ) ਯੋਜਨਾ ਦਾ ਵਰਣਨ ਕਰਦੇ ਹਾਂ।

## ਡਾਕ-ਰਾਹੀਂ-ਵੋਟ

VCA ਦੇ ਅਨੁਸਾਰ, ਸਾਰੇ ਰਜਿਸਟਰਡ ਵੋਟਰਾਂ ਨੂੰ ਚੋਣ ਤੋਂ 29 ਦਿਨ ਪਹਿਲਾਂ ਡਾਕ ਰਾਹੀਂ ਇੱਕ ਬੈਲਟ, ਅਤੇ ਬੈਲਟ ਵਾਪਸ ਕਰਨ ਲਈ ***ਡਾਕ ਦਾ ਭੁਗਤਾਨ ਕੀਤਾ*** ਲਿਫਾਫਾ ਭੇਜਿਆ ਜਾਵੇਗਾ। ਵੋਟਰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ VBM ਬੈਲਟ ਦੀ ਬੇਨਤੀ ਕਰ ਸਕਦੇ ਹਨ। ਸਾਰੇ ਵੋਟਰ ਸਾਡੇ ਰਿਮੋਟ ਤੋਂ ਪਹੁੰਚਯੋਗ ਡਾਕ-ਰਾਹੀਂ-ਵੋਟ ਸਿਸਟਮ (RAVBM) ਦਾ ਲਾਭ ਲੈ ਸਕਦੇ ਹਨ, ਜੋ ਯੋਗ ਵੋਟਰਾਂ ਨੂੰ ਇੱਕ ਨਿੱਜੀ ਕੰਪਿਊਟਰ 'ਤੇ ਸਕ੍ਰੀਨ-ਪੜ੍ਹਨ ਯੋਗ ਫਾਰਮੈਟ ਵਿੱਚ ਆਪਣੀ ਬੈਲਟ ਤੱਕ ਪਹੁੰਚ ਕਰਨ ਅਤੇ ਨਿਸ਼ਾਨ ਲਗਾਉਣ ਕਰਨ ਦੀ ਸਹੂਲਤ ਦੇਵੇਗਾ।

## ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੀ ਥਾਂ

VCA ਵੋਟ ਕੇਂਦਰਾਂ ਅਤੇ ਡ੍ਰੌਪ ਬੌਕਸ ਦੀ ਪਲੇਸਮੈਂਟ/ਸਥਾਨ ਲਈ ਨਿਸ਼ਚਿਤ ਮਾਪਦੰਡ ਸਥਾਪਤ ਕਰਦਾ ਹੈ। ਕਨੂੰਨ ਇਹ ਮੰਗ ਕਰਦਾ ਹੈ ਕਿ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਪਹੁੰਚਯੋਗ ਹੋਣ, ਆਬਾਦੀ ਕੇਂਦਰਾਂ, ਜਨਤਕ ਆਵਾਜਾਈ ਦੇ ਨੇੜੇ ਅਤੇ ਘੱਟ ਆਮਦਨ ਵਾਲੇ ਅਤੇ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਦੇ ਨੇੜੇ ਸਥਿਤ ਹੋਣ। ਵੋਟ ਕੇਂਦਰ ਅਤੇ ਡ੍ਰੌਪ ਬੌਕਸ ਦੇ ਟਿਕਾਣਿਆਂ ਨੂੰ ਨਿਰਧਾਰਿਤ ਕਰਨ ਲਈ EC 4005(a)(10)(B) ਵਿੱਚ ਦਰਸਾਏ ਗਏ ਮਾਪਦੰਡਾਂ ਦੀ ਪੂਰੀ ਸੂਚੀ ਅੰਤਿਕਾ D ਵਿੱਚ ਦੇਖੀ ਜਾ ਸਕਦੀ ਹੈ।

ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਂਵਾਂ ਨੂੰ ਅੱਪਡੇਟ ਕੀਤਾ ਗਿਆ। ਇਸ ਤੋਂ ਇਲਾਵਾ, ਭੂਗੋਲਿਕ ਸੂਚਨਾ ਪ੍ਰਣਾਲੀ (GIS) ਮੈਪਿੰਗ ਸੌਫਟਵੇਅਰ, ਅਮਰੀਕੀ ਜਨਗਣਨਾ ਡੇਟਾ, ਵੋਟਰ ਇਤਿਹਾਸ ਅਤੇ ਕੋਈ ਹੋਰ ਆਸਾਨੀ ਨਾਲ ਉਪਲਬਧ ਡੇਟਾ ਇਹ ਯਕੀਨੀ ਬਣਾਉਣ ਲਈ ਵਰਤਿਆ ਗਿਆ ਸੀ ਕਿ ਥਾਂਵਾਂ ਵੋਟਰਾਂ ਦੇ ਅਨੁਕੂਲ ਨੇੜਤਾ ਵਿੱਚ ਹਨ।

ਯੋਜਨਾ, ਜਿਵੇਂ ਕਿ ਵਰਤਮਾਨ ਵਿੱਚ ਲਿਖੀ ਗਈ ਹੈ, ਦਾ ਅਨੁਮਾਨ ਹੈ ਕਿ ਪਹਿਲੇ ਦੋ ਵੋਟ ਕੇਂਦਰ Madera ਅਤੇ Oakhurst ਦੇ ਭਾਈਚਾਰਿਆਂ ਵਿੱਚ ਸਥਿਤ ਹੋਣਗੇ। ਵੋਟ ਕੇਂਦਰ 3 ਤੋਂ 8 ਤੱਕ ਦੇ Chowchilla, Coarsegold, Madera ਅਤੇ Madera Ranchos ਦੇ ਭਾਈਚਾਰਿਆਂ ਵਿੱਚ ਹੋਣ ਦੀ ਉਮੀਦ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਬੈਲਟ ਡ੍ਰੌਪ ਬੌਕਸ Chowchilla, Madera, North Fork, Madera Ranchos ਅਤੇ Oakhurst ਦੇ ਭਾਈਚਾਰਿਆਂ ਵਿੱਚ ਹੋਣਗੇ।

**ਵੋਟ ਕੇਂਦਰ:** ਵੋਟ ਕੇਂਦਰ ਪੋਲਿੰਗ ਸਥਾਨਾਂ ਵਾਂਗ ਹੀ ਕੰਮ ਕਰਨਗੇ, ਵੋਟਰਾਂ ਨੂੰ ਚਾਹੇ ਕਾਗਜ਼ 'ਤੇ ਜਾਂ ਇੱਕ ਪਹੁੰਚਯੋਗ ਬੈਲਟ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਦੀ ਵਰਤੋਂ ਕਰਕੇ, ਵਿਅਕਤੀਗਤ ਤੌਰ 'ਤੇ ਆਪਣੀ ਵੋਟ ਪਾਉਣ ਦੀ ਸਹੂਲਤ ਦੇਣਗੇ। ਹਾਲਾਂਕਿ, ਪੋਲਿੰਗ ਸਥਾਨਾਂ ਦੇ ਉਲਟ, ਵੋਟਰ ਆਪਣੀ ਵੋਟ ਪਾ ਸਕਦੇ ਹਨ, ਜਾਂ ਕਾਉਂਟੀ ਵਿਆਪੀ ਕਿਸੇ ਵੀ ਵੋਟ ਕੇਂਦਰ 'ਤੇ ਬਦਲਵੇਂ ਬੈਲਟ ਦੀ ਬੇਨਤੀ ਕਰ ਸਕਦੇ ਹਨ ਅਤੇ ਇਸ ਨੂੰ ਪ੍ਰਾਪਤ ਕਰ ਸਕਦੇ ਹਨ। ਵੋਟਰ ਕਿਸੇ ਵੀ ਵੋਟ ਕੇਂਦਰ 'ਤੇ ਵੋਟ ਪਾਉਣ ਲਈ ਰਜਿਸਟਰ ਕਰ ਸਕਣਗੇ ਜਾਂ ਆਪਣੀ ਰਜਿਸਟ੍ਰੇਸ਼ਨ ਅੱਪਡੇਟ ਕਰ ਸਕਣਗੇ। ਜਿਨ੍ਹਾਂ ਵੋਟਰਾਂ ਨੇ ਰਜਿਸਟ੍ਰੇਸ਼ਨ ਦੀ ਸਮਾਪਤੀ (ਚੋਣਾਂ ਤੋਂ 14 ਦਿਨ ਪਹਿਲਾਂ) ਤੋਂ ਪਹਿਲਾਂ ਰਜਿਸਟ੍ਰੇਸ਼ਨ ਨਹੀਂ ਕਰਵਾਈ ਹੈ, ਉਹ ਕਿਸੇ ਵੀ ਵੋਟ ਕੇਂਦਰ 'ਤੇ ਵੋਟ ਲਈ ਸ਼ਰਤਬੱਧ ਤੌਰ 'ਤੇ ਰਜਿਸਟਰ ਕਰ ਸਕਣਗੇ (CVR) ਅਤੇ ਚੋਣ ਵਾਲੇ ਦਿਨ ਤੱਕ ਆਰਜ਼ੀ ਵੋਟ ਪਾ ਸਕਣਗੇ।

ਵੋਟ ਕੇਂਦਰਾਂ ਕੋਲ ਕਾਉਂਟੀ ਦੀ ਚੋਣ ਪ੍ਰਬੰਧਨ ਪ੍ਰਣਾਲੀ ("EMS") ਤੱਕ ਸੁਰੱਖਿਅਤ ਪਹੁੰਚ ਹੋਵੇਗੀ, ਜਿਸ ਨਾਲ ਵੋਟ ਕੇਂਦਰ ਦਾ ਸਟਾਫ਼ ਹਰੇਕ ਵੋਟਰ ਦੀ ਵੋਟਿੰਗ ਸਥਿਤੀ ਦੀ ਅਸਲ ਸਮੇਂ ਵਿੱਚ ਪੁਸ਼ਟੀ ਕਰ ਸਕੇਗਾ।

ਵੋਟ ਕੇਂਦਰ ਘੱਟੋ-ਘੱਟ 3 ਪਹੁੰਚਯੋਗ ਬੈਲਟ ਮਾਰਕਿੰਗ ਡਿਵਾਈਸਾਂ ਨਾਲ ਲੈਸ ਹੋਣਗੇ। ਸਾਰੇ ਵੋਟ ਕੇਂਦਰ ਅਮਰੀਕੀ ਅਪਾਹਜਤਾ ਅਧਿਨਿਯਮ (ADA) ਦੇ ਅਨੁਕੂਲ ਹੋਣਗੇ, ਅਤੇ ਡੋਮਿਨੀਅਨ ICX ਬੈਲਟ ਮਾਰਕਿੰਗ ਡਿਵਾਈਸਾਂ ਨਾਲ ਲੈਸ ਹੁੰਦੇ ਹਨ। ICX ਮਸ਼ੀਨਾਂ ਸਾਰੇ ਵੋਟਰਾਂ ਲਈ ਉਪਲਬਧ ਹਨ ਪਰ ਵਿਸ਼ੇਸ਼ ਤੌਰ 'ਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਉਹਨਾਂ ਦੀਆਂ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਕਾਰਨ ਮਦਦਗਾਰ ਹੋ ਸਕਦੀਆਂ ਹਨ। ਇਹ ਵਿਸ਼ੇਸ਼ਤਾਵਾਂ ਅਸਥਾਈ ਜਾਂ ਸਥਾਈ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਨਿੱਜੀ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਬਣਾਉਂਦੀਆਂ ਹਨ। "ਨਿੱਜੀ ਅਤੇ ਸੁਤੰਤਰ ਤੌਰ 'ਤੇ" ਦਾ ਮਤਲਬ ਹੈ ਕਿ ਇਹ ਡਿਵਾਈਸ ਉਹਨਾਂ ਨੂੰ ਆਪਣੇ ਬੈਲਟ 'ਤੇ ਨਿਸ਼ਾਨ ਲਗਾਉਣ ਵਿੱਚ ਮਦਦ ਕਰਨ ਲਈ ਕਿਸੇ ਹੋਰ ਵਿਅਕਤੀ 'ਤੇ ਭਰੋਸਾ ਕੀਤੇ ਬਿਨਾਂ ਅਤੇ ਗੁਪਤ ਮਤਦਾਨ ਕਰਨ ਦੇ ਉਹਨਾਂ ਦੇ ਅਧਿਕਾਰ ਦੀ ਰੱਖਿਆ ਕਰਦੇ ਹੋਏ, ਉਹ ਵੋਟ ਕਿਵੇਂ ਦੇ ਰਹੇ ਹਨ ਇਸ ਬਾਰੇ ਕਿਸੇ ਹੋਰ ਨੂੰ ਖੁਲਾਸਾ ਕੀਤੇ ਬਿਨਾਂ ਵੋਟ ਪਾਉਣ ਦੇ ਯੋਗ ਬਣਾਉਂਦੇ ਹਨ। ICX ਮਸ਼ੀਨਾਂ ਦੀਆਂ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਵਿੱਚ ਇੱਕ ਟੱਚਸਕ੍ਰੀਨ ਸ਼ਾਮਲ ਹੈ; ਆਡੀਓ ਲਈ ਵੱਖ-ਵੱਖ ਆਕਾਰਾਂ ਅਤੇ ਰੰਗਾਂ ਵਿੱਚ ਬਟਨਾਂ ਵਾਲਾ ਇੱਕ ਹੈਂਡਹੋਲਡ ਕੰਟਰੋਲਰ; ਸਕ੍ਰੀਨ 'ਤੇ ਟੈਕਸਟ ਦਾ ਆਕਾਰ ਅਤੇ ਰੰਗ ਕੰਟ੍ਰਾਸਟ ਬਦਲਣ ਦੇ ਵਿਕਲਪ; ਬੈਲਟ ਦੇ ਆਡੀਓ ਸੰਸਕਰਣ ਨੂੰ ਸੁਣਨ ਲਈ ਹੈੱਡਫੋਨ ਅਤੇ ਬੈਲਟ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਨੈਵੀਗੇਟ ਕਰਨ ਅਤੇ ਨਿਸ਼ਾਨ ਲਗਾਉਣ ਲਈ ਆਡੀਓ ਨਿਰਦੇਸ਼; ਅਤੇ ਇੱਕ ਸਿਪ-ਐਂਡ-ਪਫ਼ ਡਿਵਾਈਸ ਜਾਂ ਪੈਡਲ ਸਵਿੱਚਾਂ ਨੂੰ ਕਨੈਕਟ ਕਰਨ ਲਈ ਵਿਕਲਪ। ICX ਮਸ਼ੀਨਾਂ ਇੱਕ ਕਾਗਜ਼ੀ ਬੈਲਟ ਛਾਪਦੀਆਂ ਹਨ ਜਿੰਨਾਂ ਦੀ ਵੋਟਰ ਦੁਆਰਾ ਬੈਲਟ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਨਿਸ਼ਾਨਬੱਧ ਕਰਨ ਤੋਂ ਬਾਅਦ ਵੋਟਰ ਸਮੀਖਿਆ ਕਰ ਸਕਦਾ ਹੈ। ਸਾਰੀਆਂ ICX ਮਸ਼ੀਨਾਂ ADA/ਭਾਸ਼ਾ ਸੰਬੰਧੀ ਲੋੜਾਂ ਨੂੰ ਪੂਰਾ ਕਰਦੀਆਂ ਹਨ। ਵੋਟ ਕੇਂਦਰ ਦੇ ਕਰਮੀਆਂ ਨੂੰ ਖਾਸ ਲੋੜਾਂ ਵਾਲੇ ਵੋਟਰਾਂ ਦੀ ਮਦਦ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਅਸਮਰਥਤਾਵਾਂ ਵਾਲੇ ਵੋਟਰ ਸਹਾਇਤਾ ਲਈ 1-888-569-7955 ਜਾਂ TTY 1-800-719-5798 'ਤੇ ਅਪਾਹਜਤਾ ਸੰਬੰਧੀ ਅਧਿਕਾਰਾਂ ਲਈ ਕੈਲੀਫੋਰਨੀਆ ਹੌਟਲਾਈਨ ਨਾਲ ਵੀ ਸੰਪਰਕ ਕਰ ਸਕਦੇ ਹਨ। ਹਰੇਕ ਵੋਟ ਕੇਂਦਰ ਦੇ ਕਰਮਚਾਰੀ ਨੂੰ ਪਟਰੀ ਦੇ ਕਿਨਾਰੇ ਵੋਟਿੰਗ ਕਰਨ

ਦਾ ਪ੍ਰਬੰਧਨ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਵੋਟਰ ਵੋਟ ਕੇਂਦਰ ਦੇ ਬਾਹਰ ਪਾਰਕ ਕਰ ਸਕਦੇ ਹਨ ਅਤੇ ਇੱਕ ਕਰਮੀ ਉਹਨਾਂ ਦੀ ਸਹਾਇਤਾ ਕਰੇਗਾ।

ਵੋਟਿੰਗ ਵਿੱਚ ਵਿਘਨ ਨੂੰ ਰੋਕਣ ਲਈ, ਅਤੇ ਇਹ ਯਕੀਨੀ ਬਣਾਉਣ ਲਈ ਕਿ ਚੋਣਾਂ ਸਹੀ ਢੰਗ ਨਾਲ ਕਰਵਾਈਆਂ ਜਾਣ, ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ। ਜਦੋਂ ਵੋਟ ਕੇਂਦਰ ਚਾਲੂ ਨਹੀਂ ਹੁੰਦੇ ਹਨ, ਤਾਂ ਸਾਈਟ ਅਤੇ ਸਾਜ਼ੋ-ਸਾਮਾਨ ਨੂੰ ਟੈਸਟ ਕੀਤੇ ਅਤੇ ਸਥਾਪਿਤ ਸੁਰੱਖਿਆ ਪ੍ਰੋਟੋਕੋਲਾਂ ਜਿਵੇਂ ਕਿ ਛੇੜਛਾੜ ਦਿਖਾਉਣ ਵਾਲੀਆਂ ਸੀਲਾਂ ਅਤੇ ਸੁਰੱਖਿਅਤ ਸਟੋਰੇਜ ਸਹੂਲਤਾਂ ਦੁਆਰਾ ਸੁਰੱਖਿਅਤ ਕੀਤਾ ਜਾਵੇਗਾ।

ਅੰਤਿਕਾਵਾਂ ਵਿੱਚ ਇੱਕ ਨਮੂਨਾ ਵੋਟ ਕੇਂਦਰ ਦਾ ਖਾਕਾ ਚਿੱਤਰ ਦਿੱਤਾ ਗਿਆ ਹੈ।

**ਵੋਟ ਕੇਂਦਰ ਫਾਰਮੂਲਾ:** ਵੋਟ ਕੇਂਦਰ ਕ੍ਰਮਵਾਰ ਖੋਲ੍ਹੇ ਜਾਣਗੇ, ਅਤੇ ਚੋਣਾਂ ਦੇ ਨੇੜੇ ਆਉਣ 'ਤੇ ਵੱਡੀ ਗਿਣਤੀ ਵਿੱਚ ਵੋਟ ਕੇਂਦਰ ਕੰਮ ਕਰ ਰਹੇ ਹੋਣਗੇ। ਪਹਿਲੇ ਦੋ ਵੋਟ ਕੇਂਦਰ ਚੋਣਾਂ ਤੋਂ 10 ਦਿਨ ਪਹਿਲਾਂ ਖੁੱਲ੍ਹਣਗੇ, ਅਤੇ ਚਾਰ ਵਾਧੂ ਵੋਟ ਕੇਂਦਰ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਸ਼ੁਰੂ ਹੋ ਜਾਣਗੇ।

VCA ਨੇ ਪੂਰੇ ਕਾਉਂਟੀ ਵਿੱਚ ਵੋਟ ਕੇਂਦਰਾਂ ਦੀ ਗਿਣਤੀ ਨਿਰਧਾਰਤ ਕਰਨ ਲਈ ਹੇਠਾਂ ਦਿੱਤਾ ਫਾਰਮੂਲਾ ਸਥਾਪਿਤ ਕੀਤਾ ਹੈ। ਇਹ ਨੰਬਰ ਮਾਰਚ 2024 ਦੀਆਂ ਚੋਣਾਂ ਲਈ 74,000 ਰਜਿਸਟਰਡ ਵੋਟਰਾਂ ਦੇ ਅੰਦਾਜ਼ੇ 'ਤੇ ਆਧਾਰਿਤ ਹਨ:

| ਚੋਣਾਂ ਵਾਲੇ ਦਿਨ ਤੋਂ ਕਈ ਪਹਿਲਾਂ ਦਿਨ | ਪ੍ਰਤੀ ਵੋਟ ਕੇਂਦਰ ਰਜਿਸਟਰਡ ਵੋਟਰਾਂ ਦੀ ਗਿਣਤੀ | ਵੋਟ ਕੇਂਦਰਾਂ ਦੀ ਗਿਣਤੀ |
|---|---|---|
| 10 | 50,000 | 2 |
| 3 | 10,000 | 8 |

ਸਾਰੇ ਵੋਟ ਕੇਂਦਰ ਚੋਣਾਂ ਤੋਂ 10 ਦਿਨ ਪਹਿਲਾਂ, ਸ਼ਨੀਵਾਰ ਅਤੇ ਛੁੱਟੀਆਂ ਸਮੇਤ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿਣਗੇ, ਅਤੇ ਚੋਣ ਵਾਲੇ ਦਿਨ ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹੇ ਰਹਿਣਗੇ।

ਹਰੇਕ ਵੋਟ ਕੇਂਦਰ 'ਤੇ ਘੱਟੋ-ਘੱਟ ਪੰਜ ਚੋਣ ਵਰਕਰਾਂ ਦਾ ਸਟਾਫ਼ ਹੋਵੇਗਾ। ਭਾਸ਼ਾ ਸੰਬੰਧੀ ਸਹਾਇਤਾ ਪ੍ਰਦਾਨ ਕਰਨ ਲਈ ਕਾਉਂਟੀ ਹਰੇਕ ਵੋਟ ਕੇਂਦਰ ਵਿੱਚ ਘੱਟੋ-ਘੱਟ ਇੱਕ ਸਪੈਨਿਸ਼ ਬੋਲਣ ਵਾਲੇ ਚੋਣ ਕਰਮਚਾਰੀ ਦੀ ਭਰਤੀ ਕਰੇਗੀ। ਇਸ ਤੋਂ ਇਲਾਵਾ, ਕਾਉਂਟੀ ਪੰਜਾਬੀ ਬੋਲਣ ਵਾਲੇ ਚੋਣ ਵਰਕਰਾਂ ਦੀ ਭਰਤੀ ਕਰਨ ਲਈ ਪੂਰੀ ਅਤੇ ਭਰਪੂਰ ਕੋਸ਼ਿਸ਼ ਕਰੇਗੀ।

**ਬੈਲਟ ਡ੍ਰੌਪ-ਔਫ਼ ਬੌਕਸ:** ਕਾਉਂਟੀ ਵਿੱਚ ਹਰ 15,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਬੌਕਸ ਦੀ ਲੋੜ ਹੁੰਦੀ ਹੈ। ਇਸੇ ਅਨੁਸਾਰ MCROV 5 ਬੈਲਟ ਡ੍ਰੌਪ ਬੌਕਸ ਪ੍ਰਦਾਨ ਕਰੇਗਾ ਅਤੇ ਲੋੜ ਪੈਣ 'ਤੇ ਛੇਵੇਂ ਬੌਕਸ ਲਈ ਯੋਜਨਾ ਸ਼ਾਮਲ ਕਰੇਗਾ। ਬੈਲਟ ਡ੍ਰੌਪ ਬੌਕਸ ਚੋਣ ਵਾਲੇ ਦਿਨ ਤੋਂ ਘੱਟ ਤੋਂ ਘੱਟ 28 ਦਿਨ ਪਹਿਲਾਂ ਉਪਲਬਧ ਹੋਣਗੇ

ਅਤੇ ਨਿਯਮਿਤ ਕਾਰੋਬਾਰੀ ਸਮੇਂ ਦੌਰਾਨ ਖੁੱਲ੍ਹਣਗੇ। ਸਾਰੇ Madera ਕਾਉਂਟੀ ਬੈਲਟ ਡ੍ਰੌਪ ਬੌਕਸ ਬਾਹਰ ਸਥਿਤ ਹੋਣਗੇ ਅਤੇ ਚੋਣ ਵਾਲੇ ਦਿਨ ਸ਼ਾਮ 8 ਵਜੇ ਤੱਕ 24 ਘੰਟੇ ਖੁੱਲ੍ਹੇ ਰਹਿਣਗੇ।

ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਂਵਾਂ ਦੀ ਸੂਚੀ, ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਂਵਾਂ ਦੇ ਨਕਸ਼ਿਆਂ ਦੇ ਨਾਲ, ਅੰਤਿਕਾ ਵਿੱਚ ਸ਼ਾਮਲ ਕੀਤੇ ਗਏ ਹਨ।

## ਵੋਟਿੰਗ ਟੈਕਨਾਲੋਜੀ

MCROV 2024 ਦੀ ਚੋਣ ਸਾਈਕਲ ਲਈ ਡੋਮੀਨੀਅਨ ਵੋਟਿੰਗ ਸਿਸਟਮ (Dominion Voting Systems, DVS) ਤੋਂ ਇਮੇਜ ਕਾਸਟ ਵੋਟਿੰਗ ਸਿਸਟਮ (ICVS) ਤੈਨਾਤ ਕਰੇਗਾ। ICVS ਤੈਨਾਤੀ ਵਿੱਚ ਹਰੇਕ ਕੇਂਦਰ ਵਿੱਚ ਘੱਟੋ-ਘੱਟ 3 ਇਮੇਜ ਕਾਸਟ X ICX (Image Cast X ,ICX) ਪਹੁੰਚਯੋਗ ਬੈਲਟ ਮਾਰਕਿੰਗ ਡਿਵਾਈਸ ਅਤੇ ਨਾਲ ਹੀ ਇੱਕ ਮੋਬਾਈਲ ਬੈਲਟ ਪ੍ਰਿੰਟਿੰਗ (MBP) ਮਾਡਿਊਲ ਸ਼ਾਮਲ ਹੋਵੇਗਾ ਜੋ MCROV ਨੂੰ ਮੰਗ ਕੀਤੇ ਜਾਣ 'ਤੇ ਸਾਰੇ ਵੋਟ ਕੇਂਦਰਾਂ 'ਤੇ ਸਾਰੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਬੈਲਟ ਪ੍ਰਿੰਟ ਕਰਨ ਦੀ ਸਹੂਲਤ ਦੇਵੇਗਾ। ਇਸ ਤੋਂ ਇਲਾਵਾ, MCROV, ਪਹੁੰਚਯੋਗ VBM ਬੈਲਟ ਲਈ ਬੇਨਤੀ ਕਰਨ ਵਾਲਿਆਂ ਲਈ, DVS ਰਿਮੋਟ ਪਹੁੰਚਯੋਗ ਡਾਕ-ਰਾਹੀਂ-ਵੋਟ ਸਿਸਟਮ ਤੈਨਾਤ ਕਰੇਗਾ। ICVS ਵਿੱਚ ਤਸਵੀਰ ਕੈਪਚਰ ਕਰਨ ਅਤੇ ਆਡਿਟ-ਮਾਰਕ ਸਮਰੱਥਾਂਵਾਂ ਵਾਲੇ ਨਵੇਂ ਅਤਿ ਆਧੁਨਿਕ ਸਕੈਨਰ ਵੀ ਸ਼ਾਮਲ ਹੋਣਗੇ।

ਇਸ ਤੋਂ ਇਲਾਵਾ, ਹਰੇਕ ਵੋਟ ਕੇਂਦਰ 'ਤੇ ਨਿੱਜੀ ਕੰਪਿਊਟਰਾਂ ਦੇ ਇੱਕ ਨੈੱਟਵਰਕ ਨੂੰ ਇੱਕ ਸੁਰੱਖਿਅਤ ਕਨੈਕਸ਼ਨ ਰਾਹੀਂ MCROV ਇਲੈਕਸ਼ਨ ਇਨਫਾਰਮੇਸ਼ਨ ਮੈਨੇਜਮੈਂਟ ਸਿਸਟਮ (EIMS) ਨਾਲ ਜੋੜਿਆ ਜਾਵੇਗਾ। EIMS ਕੈਲੀਫੋਰਨੀਆ ਰਾਜ ਦੁਆਰਾ ਪ੍ਰਬੰਧਿਤ ਵੋਟਰ ਰਜਿਸਟ੍ਰੇਸ਼ਨ (VoteCal) ਨਾਲ ਜੁੜਿਆ ਹੋਇਆ ਹੈ। ਇਹ ਵੋਟਰ ਰਜਿਸਟ੍ਰੇਸ਼ਨ ਡੇਟਾ ਤੱਕ ਪਹੁੰਚ ਪ੍ਰਦਾਨ ਕਰੇਗਾ, ਜੋ ਵੋਟ ਕੇਂਦਰ ਦੇ ਸਟਾਫ਼ ਨੂੰ ਅਸਲ ਸਮੇਂ ਵਿੱਚ ਹਰੇਕ ਵੋਟਰ ਦੀ ਰਜਿਸਟ੍ਰੇਸ਼ਨ ਅਤੇ ਵੋਟਰ ਸਥਿਤੀ ਦਾ ਪਤਾ ਲਗਾਉਣ ਦੇ ਯੋਗ ਬਣਾਉਂਦਾ ਹੈ।

## ਵਿੱਤੀ ਪ੍ਰਭਾਵ

2024 ਦੇ ਚੋਣ ਚੱਕਰ ਦਾ ਵਿੱਤੀ ਪ੍ਰਭਾਵ 2020 ਅਤੇ 2022 ਦੋਵਾਂ ਚੋਣਾਂ ਨਾਲ ਸੰਬੰਧਿਤ ਖਰਚਿਆਂ ਨਾਲ ਤੁਲਨਾਯੋਗ ਹੋਣ ਦੀ ਉਮੀਦ ਹੈ, ਹਾਲਾਂਕਿ ਮਹਿੰਗਾਈ ਦੇ ਕਾਰਕਾਂ ਕਰਕੇ ਆਮ ਨਾਲੋਂ ਵੱਧ ਖਰਚੇ ਹੋ ਸਕਦੇ ਹਨ। ਰਾਸ਼ਟਰਪਤੀ ਚੋਣ ਵਿੱਚ ਦਿਲਚਸਪੀ ਦੀ ਮਾਤਰਾ ਨੂੰ ਦੇਖਦੇ ਹੋਏ MCROV 2022 ਦੇ ਮੁਕਾਬਲੇ ਕਾਫੀ ਜ਼ਿਆਦਾ ਮਤਦਾਨ ਕੀਤੇ ਜਾਣ ਲਈ ਤਿਆਰੀ ਕਰ ਰਿਹਾ ਹੈ। ਵਧੇ ਹੋਏ ਮਤਦਾਨ ਦੀ ਤਿਆਰੀ ਕਰਨ ਵਾਸਤੇ, ਦੇਰੀ ਤੋਂ ਬਚਣ ਲਈ ਵਾਧੂ ਵੋਟ ਕੇਂਦਰ ਵਰਕਰਾਂ, ਬੈਲਟ ਟ੍ਰਾਂਸਪੋਰਟ ਸਟਾਫ਼ ਅਤੇ ਬੈਲਟ ਪ੍ਰੋਸੈਸਿੰਗ ਸਟਾਫ਼ ਦੀ ਵਰਤੋਂ ਕੀਤੀ ਜਾਵੇਗੀ। ਇਹਨਾਂ ਸੁਧਾਰ ਲਈ ਖਰਚਾ ਹੁੰਦਾ ਹੈ ਅਤੇ ਯਕੀਨੀ ਤੌਰ 'ਤੇ ਨਤੀਜੇ ਵਜੋਂ 2024 ਦੀ ਚੋਣ ਸਾਈਕਲ Madera ਕਾਉਂਟੀ ਦੇ ਇਤਿਹਾਸ ਵਿੱਚ ਸਭ ਤੋਂ ਮਹਿੰਗਾ ਚੱਕਰ ਹੋਵੇਗਾ।

## ਨਿਸ਼ਕਰਸ਼

ਕੈਲੀਫੋਰਨੀਆ ਮਤਦਾਤਾ ਚੋਣ ਐਕਟ ਕੈਲੀਫੋਰਨੀਆ ਦੇ ਇਤਿਹਾਸ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਸਭ ਤੋਂ ਮਹੱਤਵਪੂਰਨ ਸੁਧਾਰ ਸੀ। ਚੋਣ ਮਾਡਲ ਨੇ ਵੋਟਰਾਂ ਦੀ ਭਾਗੀਦਾਰੀ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ, ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਵਧੇਰੇ ਪਹੁੰਚ ਪ੍ਰਦਾਨ ਕੀਤੀ ਹੈ, ਸਾਡੀ ਵੋਟਿੰਗ ਪ੍ਰਣਾਲੀ ਅਤੇ ਟੈਕਨਾਲੋਜੀ ਵਿੱਚ ਸੁਧਾਰ ਕੀਤਾ ਹੈ, ਅਤੇ ਸਾਡੀਆਂ ਚੋਣਾਂ ਦੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਹੈ।

Madera ਕਾਉਂਟੀ ਵੋਟਰਾਂ ਦੇ ਰਜਿਸਟਰਾਰ ਦਾ ਦਫ਼ਤਰ ਇਨ੍ਹਾਂ ਬਹੁਤ ਸਾਰੇ ਸੁਧਾਰਾਂ ਲਈ ਉਤਸ਼ਾਹਿਤ ਹੈ ਜੋ ਕੀਤੇ ਗਏ ਹਨ ਅਤੇ ਉਹਨਾਂ ਵਿੱਚ ਸੁਧਾਰ ਕਰਨਾ ਜਾਰੀ ਰੱਖੇਗਾ। ਅਸੀਂ ਅਜਿਹੀਆਂ ਸਟੀਕ, ਪਾਰਦਰਸ਼ੀ ਅਤੇ ਨਿਰਪੱਖ ਚੋਣਾਂ ਪ੍ਰਦਾਨ ਕਰਨਾ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ ਜਿਸ ਵਿੱਚ Madera ਕਾਉਂਟੀ ਦੇ ਵੋਟਰਾਂ ਨੂੰ ਪੂਰਾ ਭਰੋਸਾ ਹੋਵੇ।

# ਸੈਕਸ਼ਨ 1 - ਵੋਟਰ ਸਿੱਖਿਆ ਅਤੇ ਆਊਟਰੀਚ ਯੋਜਨਾ

## ਆਮ ਲੋੜਾਂ

1-A ***ਵੋਟਰਾਂ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਉਪਲਬਧਤਾ ਅਤੇ ਅਜਿਹੀ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਸੂਚਿਤ ਕਰਨ ਦੇ ਉਦੇਸ਼ਾਂ ਲਈ ਮੀਡੀਆ ਦੀ ਵਰਤੋਂ, ਜਿਸ ਵਿੱਚ ਸੋਸ਼ਲ ਮੀਡੀਆ, ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਸ਼ਾਮਲ ਹਨ।***
*§4005(a)(10)(I)(i)(II), §4005(a)(10)(I)(i)(VIII)*

MCROV ਇੱਕ ਪਹੁੰਚਯੋਗ ਫਾਰਮੈਟ ਵਿੱਚ VBM ਬੈਲਟ ਪ੍ਰਾਪਤ ਕਰਨ ਅਤੇ ਅਜਿਹੇ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ, ਹੇਠਾਂ ਦਿੱਤੇ ਤੋਂ ਇਲਾਵਾ, ਇਸ ਦਸਤਾਵੇਜ਼ ਦੇ ਸੈਕਸ਼ਨ 1 - B ਵਿੱਚ ਵਰਣਿਤ ਸਾਰੇ ਆਊਟਲੇਟਾਂ ਅਤੇ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਪ੍ਰਦਾਨ ਕਰੇਗਾ:

1) ਸਥਾਨਕ ਟੈਲੀਵਿਜ਼ਨ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
2) ਅਖ਼ਬਾਰਾਂ (Madera ਕਾਉਂਟੀ ਵਿੱਚ ਆਮ ਸਰਕੂਲੇਸ਼ਨ ਵਾਲੀਆਂ ਨਿਰਣਾਇਕ ਅਖ਼ਬਾਰਾਂ): Madera Tribune, Sierra Star, Chowchilla News)
3) ਰੇਡੀਓ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
4) ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈੱਬਸਾਈਟ (@MaderaElections, @MaderaCounty)
5) ਅਜਿਹੇ ਸਮੂਹਾਂ ਤੱਕ ਆਊਟਰੀਚ ਜਿਵੇਂ ਕਿ ਭਾਈਚਾਰਕ ਭਾਈਵਾਲ, ਅਸਮਰਥਤਾ ਸਮਰਥਕ ਸੰਗਠਨ, ਚੁਣੇ ਹੋਏ ਅਧਿਕਾਰੀ, ਵਿਸ਼ੇਸ਼ ਡਿਸਟ੍ਰਿਕਟਾਂ, ਸਕੂਲੀ ਡਿਸਟ੍ਰਿਕਟਾਂ, ਭਾਈਚਾਰਾ ਆਧਾਰਿਤ ਸੰਗਠਨ, ਧਰਮ-ਆਧਾਰਿਤ ਸੰਗਠਨ, ਅਤੇ ਜਨਤਕ ਸੂਚਨਾ ਅਧਿਕਾਰੀਆਂ ਵਰਗੇ ਸਮੂਹ।
7) ਮੀਡੀਆ ਉਪਲਬਧਤਾ ਸੈਸ਼ਨ
8) ਕਾਉਂਟੀ ਦੇ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਸਾਬਕਾ ਫੌਜੀਆਂ ਲਈ ਸੇਵਾਵਾਂ)
9) ਜਨਤਕ ਸੇਵਾ ਘੋਸ਼ਣਾਵਾਂ, ਵਿਆਪਕ ਤੌਰ 'ਤੇ ਕਾਉਂਟੀ ਨੂੰ ਸੇਵਾ ਦੇਣ ਵਾਲੀਆਂ ਆਉਟਲੈਟਾਂ ਨੂੰ ਵੰਡੀਆਂ ਜਾਂਦੀਆਂ ਹਨ

****Madera ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ 'ਤੇ Madera ਕਾਉਂਟੀ ਦੇ ਵਸਨੀਕਾਂ ਨੂੰ ਸੇਵਾ ਦਿੰਦੇ ਹਨ। ਇਸ ਦੀ ਬਜਾਏ, Madera ਕਾਉਂਟੀ ਦੇ ਵਸਨੀਕਾਂ ਨੂੰ ਖੇਤਰੀ ਟੈਲੀਵਿਜ਼ਨ ਸਟੇਸ਼ਨਾਂ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ Fresno ਵਿੱਚ ਸਥਿਤ ਹਨ ਅਤੇ ਵਿਆਪਕ ਸੈਂਟ੍ਰਲ ਵੈਲੀ ਖੇਤਰ ਨੂੰ ਸੇਵਾ ਦਿੰਦੇ ਹਨ। ਇਸ ਅਨੁਸਾਰ, MCROV ਸਾਂਝੀ ਲਾਗਤ ਦੇ ਆਧਾਰ 'ਤੇ ਖੇਤਰੀ ਇਸ਼ਤਿਹਾਰ ਅਤੇ ਜਨਤਕ ਸੇਵਾ ਘੋਸ਼ਣਾਵਾਂ ਪ੍ਰਦਾਨ ਕਰਨ ਲਈ***

*ਸਾਡੇ ਆਲੇ-ਦੁਆਲੇ ਦੀਆਂ ਕਾਉਂਟੀਆਂ (Fresno/Merced) ਨਾਲ ਸਾਂਝੇਦਾਰੀ ਕਰਨ ਦੀ ਕੋਸ਼ਿਸ਼ ਕਰੇਗਾ। ਪਿਛਲੀਆਂ ਚੋਣਾਂ ਵਿੱਚ ਇਹ ਪਹੁੰਚ ਸਫਲ ਰਹੀ ਸੀ ਅਤੇ ਜਦੋਂ ਵੀ ਸੰਭਵ ਹੋ ਸਕੇ ਦੁਹਰਾਇਆ ਜਾਵੇਗਾ।*

*ਸਥਾਨਕ ਮੀਡੀਆ ਨਾ ਹੋਣ ਦੀ ਸੀਮਾ ਨੂੰ ਘਟਾਉਣ ਲਈ, Madera ਕਾਉਂਟੀ ਰਜਿਸਟਰਾਰ ਦੇ ਦਫਤਰ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਇੱਕ ਤੀਬਰ ਜ਼ਮੀਨੀ ਕੋਸ਼ਿਸ਼ ਸ਼ੁਰੂ ਕੀਤੀ ਹੈ, ਜਿਵੇਂ ਕਿ ਸਾਡੀਆਂ ਭਾਈਚਾਰਕ ਮੀਟਿੰਗਾਂ ਦੌਰਾਨ ਹਿੱਤਧਾਰਕਾਂ ਦੁਆਰਾ ਸੁਝਾਇਆ ਗਿਆ ਸੀ। ਹਿੱਤਧਾਰਕਾਂ ਨੇ ਸੰਕੇਤ ਦਿੱਤਾ ਹੈ ਕਿ ਉਹਨਾਂ ਦੇ ਭਾਈਚਾਰਿਆਂ ਦੇ ਵੋਟਰਾਂ ਦੁਆਰਾ ਉਹਨਾਂ ਸਥਾਨਕ ਸੰਸਥਾਂਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕਰਵਾਏ ਜਾ ਰਹੇ ਆਊਟਰੀਚ ਕਾਰਜਾਂ 'ਤੇ ਪ੍ਰਤਿਕਿਰਿਆ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਜਿਨ੍ਹਾਂ ਨਾਲ ਉਹਨਾਂ ਦੇ ਪਹਿਲਾਂ ਤੋਂ ਹੀ ਮੌਜੂਦਾ ਸੰਬੰਧ ਹਨ। ਇਸ ਤਰ੍ਹਾਂ, ਰਜਿਸਟਰਾਰ ਦੇ ਦਫਤਰ ਦੀ ਭਾਈਚਾਰਕ ਭਾਈਵਾਲਾਂ ਦੇ ਨਾਲ ਪ੍ਰਸਤੁਤੀਆਂ ਕਰਨ ਦੀ ਯੋਜਨਾ ਹੈ। ਰਜਿਸਟਰਾਰ ਦੀ ਵੈੱਬਸਾਈਟ/ਸ਼ੋਸ਼ਲ ਮੀਡੀਆ ਸਾਈਟਾਂ 'ਤੇ ਵੀ ਅਨੁਸੂਚਿਤ ਵਿਖਾਲਿਆਂ ਦੀ ਸੂਚੀ ਹੋਵੇਗੀ ਜਿਸ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਕੀਤਾ ਜਾਵੇਗੀ, ਜਿਸ ਨਾਲ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਇਹ ਚੁਣਨ ਦਾ ਮੌਕਾ ਮਿਲੇਗਾ ਕਿ ਉਹ ਕਦੋਂ ਅਤੇ ਕਿੱਥੇ ਹਿੱਸਾ ਲੈ ਸਕਦੇ ਹਨ।*

ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਸ਼ਾਮਲ ਹੋਵੇਗਾ ਕਿਸੇ ਵੀ ਵੋਟ ਕੇਂਦਰ ਵਿਖੇ ਪਹੁੰਚਯੋਗ ਵੋਟਿੰਗ ਡਿਵਾਈਸ ਦੀ ਵਰਤੋਂ ਕਰਨ ਦਾ ਵਿਕਲਪ, ਅਤੇ ਡਿਵਾਈਸ ਨੂੰ ਵਰਤਣ ਦਾ ਤਰੀਕਾ; ਅਤੇ, ਕਾਉਂਟੀ ਦੇ ਰਿਮੋਟ ਤੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਪ੍ਰੋਗਰਾਮ ਰਾਹੀਂ ਪਹੁੰਚਯੋਗ ਬੈਲਟ ਲਈ ਬੇਨਤੀ ਕਰਨ, ਉਸ 'ਤੇ ਨਿਸ਼ਾਨ ਲਗਾਉਣ ਅਤੇ ਜਮ੍ਹਾਂ ਕਰਨ ਦਾ ਢੰਗ।

### 1-B *ਮਤਦਾਤਾ ਚੋਣ ਐਕਟ ਬਾਰੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਭਾਈਚਾਰੇ ਵਿੱਚ ਮੌਜੂਦਗੀ*

*§4005(a)(10)(I)(i)(III)*

MCROV ਦੀ ਭਾਈਚਾਰੇ ਵਿੱਚ ਮੌਜੂਦਗੀ ਵੋਟਰਾਂ ਅਤੇ ਬਹੁਤ ਤਰ੍ਹਾਂ ਦੇ ਪ੍ਰੋਗਰਾਮਾਂ ਵਿੱਚ ਹਾਜ਼ਰ ਹੋਣ ਵਾਲੇ ਲੋਕਾਂ ਨੂੰ ਸਿੱਧੇ ਤੌਰ 'ਤੇ ਵੋਟ ਕੇਂਦਰ ਮਾਡਲ ਦੀ ਜਾਣਕਾਰੀ ਪ੍ਰਦਾਨ ਕਰੇਗੀ। MCROV ਦਾ ਮਕਸਦ ਸਾਡੇ ਭਾਈਚਾਰਕ ਭਾਈਵਾਲਾਂ ਨਾਲ ਤਾਲਮੇਲ ਕਰਨਾ ਹੈ, ਤਾਂਕਿ ਸਾਡੇ ਵੋਟਰਾਂ ਨੂੰ ਸਿੱਖਿਆ ਦੇਣ ਵਾਲੇ ਮੌਕਿਆਂ ਦੀ ਪਛਾਣ ਕੀਤੀ ਜਾ ਸਕੇ, ਵੋਟਿੰਗ ਦੇ ਉਪਕਰਨਾਂ ਦਾ ਪ੍ਰਦਰਸ਼ਨ ਕੀਤਾ ਜਾ ਸਕੇ ਅਤੇ ਇਹ ਵੇਰਵਾ ਦਿੱਤਾ ਜਾ ਸਕੇ ਕਿ ਇੱਕ ਪਹੁੰਚਯੋਗ ਬੈਲਟ ਲਈ ਬੇਨਤੀ ਕਿਵੇਂ ਕੀਤੀ ਜਾਏ ਅਤੇ ਇਸਨੂੰ ਪ੍ਰਾਪਤ ਕਿਵੇਂ ਕੀਤਾ ਜਾਏ। MCROV ਕਾਉਂਟੀ ਦੇ ਸਾਰੇ ਖੇਤਰਾਂ ਤੱਕ ਪਹੁੰਚਣ ਦੀ ਪੂਰੀ ਕੋਸ਼ਿਸ਼ ਕਰੇਗਾ। ਵੋਟਰਾਂ ਕੋਲ ਵੋਟ ਕੇਂਦਰ ਮਾਡਲ ਅਤੇ ਉਹਨਾਂ ਦੇ ਵੋਟਿੰਗ ਵਿਕਲਪਾਂ ਬਾਰੇ ਜਾਣਨ ਦੇ ਬਹੁਤ ਸਾਰੇ ਮੌਕੇ ਹੋਣਗੇ, ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:

1) ਵਿਭਾਗ ਦੇ VAAC ਅਤੇ LAAC
    a. ਮੀਟਿੰਗਾਂ ਵਿੱਚ ਵੋਟਿੰਗ ਪ੍ਰਣਾਲੀ ਦਾ ਪ੍ਰਦਰਸ਼ਨ ਅਤੇ ਜਾਣਕਾਰੀ ਸੰਬੰਧੀ ਅੱਪਡੇਟ ਸ਼ਾਮਲ ਹਨ
    b. VAAC ਅਤੇ LAAC ਮੈਂਬਰਾਂ ਨਾਲ ਸਮੱਗਰੀਆਂ ਦਾ ਵਿਕਾਸ, ਅਤੇ ਉਹਨਾਂ ਦੇ ਭਾਇਚਾਰਿਆਂ ਵਿੱਚ ਵੰਡੇ ਜਾਣ ਲਈ ਪੇਸ਼ ਕੀਤਾ ਗਿਆ

2) ਵੱਖ-ਵੱਖ ਸਰੋਤਿਆਂ ਲਈ ਪੇਸ਼ਕਾਰੀਆਂ:
    a. ਨੇਬਰਹੁੱਡ ਐਸੋਸੀਏਸ਼ਨਾਂ
    b. ਕਾਉਂਟੀ ਬੋਰਡ ਔਫ਼ ਸੁਪਰਵਾਈਜ਼ਰਸ
    c. ਸਿਟੀ ਡਿਸਏਬਿਲਟੀ ਐਡਵਾਈਜ਼ਰੀ ਕਮੇਟੀ
    d. ਸਿਟੀ ਕਾਉਂਸਿਲਾਂ ਅਤੇ ਸਿਟੀ ਕਲਰਕ
    e. ਚੁਣੇ ਗਏ ਅਧਿਕਾਰੀ ਦੇ ਟਾਊਨ ਹਾਲ
    f. ਸਕੂਲ ਡਿਸਟ੍ਰਿਕਟ ਬੋਰਡ
    g. ਵਿਸ਼ੇਸ਼ ਡਿਸਟ੍ਰਿਕਟ ਬੋਰਡ
    h. ਕਾਉਂਟੀ ਸੈਂਟ੍ਰਲ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ
    i. ਧਰਮ ਅਧਾਰਤ ਭਾਈਚਾਰੇ
    j. ਭਾਸ਼ਾਈ ਭਾਈਚਾਰੇ (ਸਪੈਨਿਸ਼ ਅਤੇ ਪੰਜਾਬੀ)
    k. ਪਰਉਪਕਾਰੀ ਸੰਗਠਨ (ਜਿਵੇਂ ਕਿ Soroptimist, Rotary, Kiwanis,)
    l. Madera ਕਾਉਂਟੀ ਪਬਲਿਕ ਲਾਇਬ੍ਰੇਰੀਆਂ

## 1-C *ਵੋਟਰ ਸਿੱਖਿਆ ਅਤੇ ਆਊਟਰੀਚ ਲਈ ਸੋਮਿਆਂ ਦੀ ਵਰਤੋਂ।*

*§4005(a)(10)(I)(i)(VII)*

MCROV ਇਹ ਯਕੀਨੀ ਬਣਾਉਣ ਲਈ ਲੋੜੀਂਦੇ ਸੋਮੇ ਖਰਚ ਕਰੇਗੀ ਕਿ ਵੋਟਰਾਂ ਨੂੰ ਵੋਟ ਕੇਂਦਰ ਮਾਡਲ (Vote Center Model) ਵੋਟਿੰਗ ਪ੍ਰਕਿਰਿਆ ਬਾਰੇ ਸੂਚਿਤ ਕੀਤਾ ਜਾਵੇ। ਪਿਛਲੇ ਸਾਲਾਂ ਦੇ ਸਿੱਖਿਆ ਅਤੇ ਆਊਟਰੀਚ ਬਜਟ ਦੀ ਤੁਲਨਾ ਦੇ ਨਾਲ ਮਾਰਚ 2024 ਦੀਆਂ ਚੋਣਾਂ ਲਈ ਬਜਟ ਜਾਣਕਾਰੀ ਅੰਤਿਕਾ E ਵਿੱਚ ਦਿਖਾਈ ਗਈ ਹੈ।

### 1-D *ਆਉਣ ਵਾਲੀਆਂ ਚੋਣਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵੋਟਰਾਂ ਨਾਲ ਸਿੱਧਾ ਸੰਪਰਕ ਕਰਨਾ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨਾ।*

*§4005(a)(10)(I)(i)(X)*

MCROV ਆਉਣ ਵਾਲੀ ਚੋਣ ਅਤੇ MCROV ਦੀ ਟੋਲ-ਫ੍ਰੀ ਸਹਾਇਤਾ ਹੌਟਲਾਈਨ ਦੀ ਉਪਲਬਧਤਾ ਬਾਰੇ ਜਾਣਕਾਰੀ ਦੇਣ ਲਈ Madera ਕਾਉਂਟੀ ਹਰੇਕ ਰਜਿਸਟਰਡ ਵੋਟਰ ਨੂੰ ਘੱਟੋ-ਘੱਟ ਦੋ ਵਾਰ ਡਾਕ ਦੁਆਰਾ ਸੰਪਰਕ ਕਰੇਗੀ। ਦੋ ਸਿੱਧੇ ਸੰਪਰਕਾਂ ਵਿੱਚ ਪੂਰੀ ਡਾਕ ਰਾਹੀਂ ਬੈਲਟ ਚੋਣ, ਬੈਲਟ ਡ੍ਰੌਪ-ਔਫ਼ ਦੀ ਥਾਂ, ਉਪਲਬਧਤਾ ਦੀਆਂ ਤਾਰੀਖ਼ਾਂ ਅਤੇ ਸਮੇਂ, ਵੋਟ ਕੇਂਦਰ ਦੇ ਸਥਾਨ, ਉਪਲਬਧਤਾ ਦੀਆਂ ਤਾਰੀਖ਼ਾਂ ਅਤੇ ਸਮੇਂ, ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ ਦੀ ਉਪਲਬਧਤਾ ਬਾਰੇ ਜਾਣਕਾਰੀ ਅਤੇ ਆਉਣ ਵਾਲੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਸ਼ਾਮਲ ਹੋਵੇਗੀ।

### 1-E *ਕਿਸੇ ਵਿਕਲਪਿਕ ਭਾਸ਼ਾ ਜਾਂ ਕਿਸੇ ਪਹੁੰਚਯੋਗ ਫਾਰਮੈਟ VBM ਵਿੱਚ ਸਮੱਗਰੀ ਦੀ ਮੰਗ ਕਰਨ ਲਈ ਡਾਕ-ਭੁਗਤਾਨ ਕੀਤਾ ਪੋਸਟਕਾਰਡ*

*§4005(a)(8)(B)(iii)*

ਸਾਰੇ ਰਜਿਸਟਰਡ ਵੋਟਰਾਂ ਨੂੰ ਉਹਨਾਂ ਦੀ ਦੁਭਾਸ਼ੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਦੇ ਨਾਲ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਮੱਗਰੀ ਦੀ ਮੰਗ ਕਰਨ ਅਤੇ ਵਿਕਲਪਿਕ ਰੂਪ ਵਿੱਚ VBM (ਡਾਕ ਰਾਹੀਂ ਵੋਟ) ਬੈਲਟ ਦੁਆਰਾ ਵਾਸਤੇ ਬੇਨਤੀ ਕਰਨ ਲਈ ਡਾਕ ਭੁਗਤਾਨ ਕੀਤਾ ਪੋਸਟਕਾਰਡ ਪ੍ਰਾਪਤ ਹੋਵੇਗਾ। ਪੋਸਟਕਾਰਡ ਨੂੰ ਭਰਨ ਅਤੇ ਵਾਪਸ ਕਰਨ ਲਈ ਨਿਰਦੇਸ਼ ਗਾਈਡ ਅਤੇ MCROV ਵੈੱਬਸਾਈਟ 'ਤੇ ਸ਼ਾਮਲ ਕੀਤੇ ਜਾਣਗੇ।

MCROV ਦੀ ਵੈੱਬਸਾਈਟ (www.votemadera.com) 'ਤੇ ਮਤਦਾਤਾ ਚੋਣ ਐਕਟ ਬਾਰੇ ਜਾਣਕਾਰੀ ਲਈ ਸਮਰਪਿਤ ਇੱਕ ਪੰਨਾ ਹੈ। ਜਾਣਕਾਰੀ ਪਹੁੰਚਯੋਗ ਫਾਰਮੈਟਾਂ ਵਿੱਚ ਹੈ (ਜਦੋਂ ਸੰਭਵ ਹੋਵੇ) ਅਤੇ ਜਨਤਕ ਤੌਰ 'ਤੇ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸਨ ਯੋਜਨਾ ਅਤੇ ਵੋਟਰਾਂ ਦੀ ਚੋਣ ਅਧਿਨਿਯਮ ਨਾਲ ਜੁੜੀ ਹੋਰ ਜਾਣਕਾਰੀ ਸ਼ਾਮਲ ਹੈ, ਜਿਸ ਵਿੱਚ ਨਿਰਧਾਰਤ ਕੀਤੀਆਂ ਜਨਤਕ ਪੇਸ਼ਕਾਰੀਆਂ, ਵਿਕਸਿਤ ਕੀਤੇ ਇਨਫੋਗ੍ਰਾਫਿਕਸ, ਜਨਤਕ ਨੋਟਿਸ, ਜਨਤਾ ਨੂੰ ਜਾਗਰੂਕ ਕਰਨ ਲਈ ਵਰਤੀਆਂ ਜਾਣ ਵਾਲੀਆਂ ਸਮੱਗਰੀ ਦੇ ਡਿਜੀਟਲ ਰੂਪ ਅਤੇ LAAC/VAAC ਏਜੰਡੇ, ਵੇਰਵੇ ਅਤੇ ਜਾਣਕਾਰੀ ਸ਼ਾਮਲ ਹੈ। ਵੈੱਬਸਾਈਟ 'ਤੇ ਵੋਟ ਕੇਂਦਰ ਵਿੱਚ ਕੰਮ ਕਰਨ ਸਮੇਤ, ਵੋਟ ਪਾਉਣ ਲਈ ਰਜਿਸਟਰ ਹੋਣ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਵੀ ਹੈ। ਵੈੱਬਸਾਈਟ 'ਤੇ ਮਿਲਣ ਵਾਲੀ ਵਧੇਰੇ ਜਾਣਕਾਰੀ ਬਾਰੇ ਇਸ ਯੋਜਨਾ ਦੇ ਢੁਕਵੇਂ ਭਾਗਾਂ ਵਿੱਚ ਦੱਸਿਆ ਗਿਆ ਹੈ।

## ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਊਟਰੀਚ

*§4005(a)(10)(I)(i)(I)*

MCROV ਨੇ ਗੈਰ-ਅੰਗਰੇਜ਼ੀ ਤਰਜੀਹ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤੱਕ ਪਹੁੰਚ ਨਾਲ ਜੁੜੇ ਸੰਘੀ ਅਤੇ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਬਾਰੇ ਸਲਾਹ ਅਤੇ ਸਹਾਇਤਾ ਲਈ ਸਤੰਬਰ 2017 ਵਿੱਚ ਇਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੀ ਸਥਾਪਨਾ ਕੀਤੀ। LAAC ਵਿੱਚ ਸਥਾਨਕ ਵਸਨੀਕ ਸ਼ਾਮਲ ਹੁੰਦੇ ਹਨ ਜੋ ਕਾਉਂਟੀ ਦੇ ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੀ ਵਕਾਲਤ ਕਰਦੇ ਹਨ।

### *1-F ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰੋ ਅਤੇ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਸੇਵਾ ਦੇਣ ਵਾਲੇ ਮੀਡੀਆ ਦੇ ਨਾਲ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰੋ*

*§4005(a)(10)(I)(i)(I)*

ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਵੋਟ ਕੇਂਦਰ ਦੇ ਮਾਡਲ, ਵੋਟਿੰਗ ਦੇ ਵਿਕਲਪਾਂ ਅਤੇ ਸਹਾਇਤਾ ਲਈ ਟੋਲ-ਫ੍ਰੀ ਪਹੁੰਚ ਹੌਟਲਾਈਨ ਬਾਰੇ ਕਈ ਤਰੀਕਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਸ਼ਾਮਲ ਹਨ:

1) ਟੈਲੀਵਿਜ਼ਨ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
2) ਅਖ਼ਬਾਰਾਂ (Madera ਕਾਉਂਟੀ ਵਿੱਚ ਆਮ ਸਰਕੁਲੇਸ਼ਨ ਵਾਲੀਆਂ ਨਿਰਣਾਇਕ ਅਖ਼ਬਾਰਾਂ): Madera Tribune, Sierra Star, Chowchilla News)
3) ਰੇਡੀਓ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
4) ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈੱਬਸਾਈਟ (@MaderaElections, @MaderaCounty)
5) ਅਜਿਹੇ ਸਮੂਹਾਂ ਨਾਲ ਸਮੱਗਰੀਆਂ ਨੂੰ ਸਾਂਝਾ ਕਰਨਾ ਜਿਵੇਂ ਕਿ ਭਾਈਚਾਰਕ ਭਾਈਵਾਲ, ਉਹਨਾਂ ਦੇ ਨਿਊਜ਼ਲੈਟਰਾਂ ਲਈ ਚੁਣੇ ਗਏ ਅਧਿਕਾਰੀ, ਸ਼ਹਿਰ, ਵਿਸ਼ੇਸ਼ ਡਿਸਟ੍ਰਿਕਟਾਂ, ਸਕੂਲ ਡਿਸਟ੍ਰਿਕਟਾਂ, ਭਾਈਚਾਰੇ ਅਧਾਰਤ ਸੰਗਠਨ, ਧਰਮ-ਅਧਾਰਤ ਸੰਗਠਨ, ਅਤੇ ਜਨਤਕ ਸੂਚਨਾ ਅਧਿਕਾਰੀ
6) ਮੀਡੀਆ ਉਪਲਬਧਤਾ ਸੈਸ਼ਨ
7) ਜਨਤਕ ਸੇਵਾ ਘੋਸ਼ਣਾਵਾਂ, ਵਿਆਪਕ ਤੌਰ 'ਤੇ ਕਾਉਂਟੀ ਨੂੰ ਸੇਵਾ ਦੇਣ ਵਾਲੀਆਂ ਆਉਟਲੈਟਾਂ ਨੂੰ ਵੰਡੀਆਂ ਜਾਂਦੀਆਂ ਹਨ
8) ਕਾਉਂਟੀ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਸਾਬਕਾ ਫੌਜੀਆਂ ਲਈ ਸੇਵਾਵਾਂ, ਪ੍ਰੋਬੇਸ਼ਨ, ਅਤੇ ਬਾਲ ਸਹਾਇਤਾ ਸੇਵਾਵਾਂ)

***Madera ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ 'ਤੇ Madera ਕਾਉਂਟੀ ਦੇ ਵਸਨੀਕਾਂ ਨੂੰ ਸੇਵਾ ਦਿੰਦੇ ਹਨ। ਇਸ ਦੀ ਬਜਾਏ, Madera ਕਾਉਂਟੀ ਦੇ ਵਸਨੀਕਾਂ ਨੂੰ ਖੇਤਰੀ ਟੈਲੀਵਿਜ਼ਨ ਸਟੇਸ਼ਨਾਂ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ Fresno***

*ਵਿੱਚ ਸਥਿਤ ਹਨ ਅਤੇ ਵਿਆਪਕ ਸੈਂਟ੍ਰਲ ਵੈਲੀ ਖੇਤਰ ਨੂੰ ਸੇਵਾ ਦਿੰਦੇ ਹਨ। ਇਸ ਅਨੁਸਾਰ, MCROV ਸਾਂਝੀ ਲਾਗਤ ਦੇ ਆਧਾਰ 'ਤੇ ਖੇਤਰੀ ਇਸ਼ਤਿਹਾਰ ਅਤੇ ਜਨਤਕ ਸੇਵਾ ਘੋਸ਼ਣਾਵਾਂ ਪ੍ਰਦਾਨ ਕਰਨ ਲਈ ਸਾਡੇ ਆਲੇ-ਦੁਆਲੇ ਦੀਆਂ ਕਾਉਂਟੀਆਂ (Fresno/Merced) ਨਾਲ ਸਾਂਝੇਦਾਰੀ ਕਰਨ ਦੀ ਕੋਸ਼ਿਸ਼ ਕਰੇਗਾ। ਪਿਛਲੀਆਂ ਚੋਣਾਂ ਵਿੱਚ ਇਹ ਪਹੁੰਚ ਸਫਲ ਰਹੀ ਸੀ ਅਤੇ ਜਦੋਂ ਵੀ ਸੰਭਵ ਹੋ ਸਕੇ ਦੁਹਰਾਇਆ ਜਾਵੇਗਾ।*

*ਸਥਾਨਕ ਮੀਡੀਆ ਨਾ ਹੋਣ ਦੀ ਸੀਮਾ ਨੂੰ ਘਟਾਉਣ ਲਈ, Madera ਕਾਉਂਟੀ ਰਜਿਸਟਰਾਰ ਦੇ ਦਫਤਰ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਇੱਕ ਤੀਬਰ ਬੁਨਿਆਦੀ ਕੋਸ਼ਿਸ਼ ਸ਼ੁਰੂ ਕੀਤੀ ਹੈ, ਜਿਵੇਂ ਕਿ ਸਾਡੀਆਂ ਭਾਈਚਾਰਕ ਮੀਟਿੰਗਾਂ ਦੌਰਾਨ ਹਿੱਤਧਾਰਕਾਂ ਦੁਆਰਾ ਸੁਝਾਇਆ ਗਿਆ ਸੀ। ਹਿੱਤਧਾਰਕਾਂ ਨੇ ਸੰਕੇਤ ਦਿੱਤਾ ਹੈ ਕਿ ਉਹਨਾਂ ਦੇ ਭਾਈਚਾਰਿਆਂ ਦੇ ਵੋਟਰਾਂ ਦੁਆਰਾ ਉਹਨਾਂ ਸਥਾਨਕ ਸੰਸਥਾਂਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕਰਵਾਏ ਜਾ ਰਹੇ ਆਊਟਰੀਚ ਕਾਰਜਾਂ 'ਤੇ ਪ੍ਰਤਿਕਿਰਿਆ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਜਿਨ੍ਹਾਂ ਨਾਲ ਉਹਨਾਂ ਦੇ ਪਹਿਲਾਂ ਤੋਂ ਹੀ ਮੌਜੂਦਾ ਸੰਬੰਧ ਹਨ। ਇਸ ਤਰ੍ਹਾਂ, ਰਜਿਸਟਰਾਰ ਦੇ ਦਫਤਰ ਦੀ ਭਾਈਚਾਰਕ ਭਾਈਵਾਲਾਂ ਦੇ ਨਾਲ ਪ੍ਰਸਤੁਤੀਆਂ ਕਰਨ ਦੀ ਯੋਜਨਾ ਹੈ। ਰਜਿਸਟਰਾਰ ਦੀ ਵੈੱਬਸਾਈਟ/ਸ਼ੋਸ਼ਲ ਮੀਡੀਆ ਸਾਈਟਾਂ 'ਤੇ ਵੀ ਨਿਰਧਾਰਤ ਵਿਖਾਲਿਆਂ ਦੀ ਸੂਚੀ ਹੋਵੇਗੀ ਜਿਸ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਕੀਤਾ ਜਾਵੇਗਾ, ਜਿਸ ਨਾਲ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਇਹ ਚੁਣਨ ਦਾ ਮੌਕਾ ਮਿਲੇਗਾ ਕਿ ਉਹ ਕਦੋਂ ਅਤੇ ਕਿੱਥੇ ਹਿੱਸਾ ਲੈ ਸਕਦੇ ਹਨ।*

*ਗੈਰ-ਅੰਗਰੇਜ਼ੀ ਤਰਜੀਹ ਵਾਲੇ ਵੋਟਰਾਂ ਤੱਕ ਆਊਟਰੀਚ ਲਈ ਵਰਤੇ ਜਾਣ ਵਾਲੇ ਖਾਸ ਮੀਡੀਆ ਆਉਟਲੈਟਾਂ ਨੂੰ ਹਾਲੇ ਨਿਰਧਾਰਤ ਕੀਤਾ ਜਾਣਾ ਹੈ। ਨਿਰਧਾਰਨ ਉਪਲਬਧ ਸੋਮਿਆਂ, ਮੀਡੀਆ ਸਰੋਤਿਆਂ ਅਤੇ ਤਜਰਬੇ ਦੇ ਅਧਾਰ 'ਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰੀ ਕਮੇਟੀ ਨਾਲ ਸਲਾਹ ਵਿੱਚ ਕੀਤਾ ਜਾਵੇਗਾ।*

ਇਸ ਤੋਂ ਇਲਾਵਾ, Madera ਕਾਉਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਟੀਚਾਗਤ ਟੈਲੀਵਿਜ਼ਨ PSA's ਬਾਰੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਨਾਲ ਤਾਲਮੇਲ ਕਰੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਹ PSA's ਸਿਰਫ਼ Madera ਕਾਉਂਟੀ ਦੇ ਸਰੋਤਿਆਂ ਤੱਕ ਪਹੁੰਚ ਕਰਨਗੇ। ਇਸ ਵਿਧੀ ਨਾਲ, ਜਿੱਥੇ ਤਕ ਸੰਭਵ ਹੋ ਸਕੇ, ਵੋਟਰਾਂ ਲਈ ਉਲਝਣ ਨੂੰ ਘੱਟ ਤੋਂ ਘੱਟ ਕਰਦੇ ਹੋਏ ਟੈਲੀਵੀਜ਼ਨ ਮੀਡੀਆ ਦੀ ਵਰਤੋਂ ਕੀਤੀ ਜਾ ਸਕੇਗੀ।

Madera ਕਾਉਂਟੀ, ਚੋਣ ਜ਼ਾਬਤਾ 14201 ਦੇ ਅਨੁਸਾਰ, 2024 ਦੇ ਚੋਣ ਚੱਕਰ ਲਈ, ਚੋਣਵੇਂ ਪ੍ਰਿਸਿੰਕਟਾਂ ਵਿੱਚ, ਪੰਜਾਬੀ ਭਾਸ਼ਾ ਵਿੱਚ ਵੋਟ ਪਾਉਣ ਯੋਗ ਬੈਲਟ ਸਮੇਤ, ਭਾਸ਼ਾ ਸੰਬੰਧੀ ਸੇਵਾਵਾਂ ਪ੍ਰਦਾਨ ਕਰੇਗੀ।

## 1-G *ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵੋਟਰਾਂ ਨੂੰ ਪਛਾਣਨਾ*

*§4005(a)(10)(I)(i)(V)*

MCROV ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵੋਟਰਾਂ ਦੀ ਪਛਾਣ ਕਰਨ ਲਈ ਉਹਨਾਂ ਦੇ ਵੋਟਰ ਰਜਿਸਟ੍ਰੇਸ਼ਨ ਫਾਰਮ 'ਤੇ ਦਿਖਾਈ ਗਈ ਵੋਟਰ ਦੀ ਭਾਸ਼ਾ ਦੀ ਤਰਜੀਹ ਬਾਰੇ ਚੋਣ ਦੀ ਵਰਤੋਂ ਕਰਦਾ ਹੈ। ਆਪਣੀ ਭਾਸ਼ਾ ਦੀ ਪਸੰਦ ਨੂੰ ਅੱਪਡੇਟ ਕਰਨ ਲਈ ਟੈਲੀਫ਼ੋਨ ਜਾਂ ਈਮੇਲ ਰਾਹੀ ਸਾਡੇ ਨਾਲ ਸੰਪਰਕ ਕਰ ਸਕਦੇ ਹਨ ਜਾਂ ਕਿਸੇ ਚੋਣ ਦੇ ਦੌਰਾਨ ਪ੍ਰਿਸਿੰਕਟ ਅਧਿਕਾਰੀ ਨੂੰ ਆਪਣੀ ਭਾਸ਼ਾ ਤਰਜੀਹ ਦੱਸ ਸਕਦੇ ਹਨ। ਇਸ ਤੋਂ ਇਲਾਵਾ, ਰਜਿਸਟਰਾਰ ਦੁਆਰਾ ਤਿਆਰ ਜ਼ਿਆਦਾਤਰ ਵੋਟਰ ਜਾਣਕਾਰੀ ਅੰਗਰੇਜ਼ੀ ਅਤੇ ਸਪੈਨਿਸ਼ ਦੋਵਾਂ ਵਿੱਚ ਛਾਪੀ ਜਾਂਦੀ ਹੈ।

## 1-H *ਘੱਟ ਗਿਣਤੀ ਭਾਸ਼ਾਈ ਵੋਟਰਾਂ ਲਈ ਵੋਟਰ ਸਿੱਖਿਆ ਵਰਕਸ਼ਾਪ*

*4005(a)(10)(I)(i)(VI), §4005(a)(10)(I)(i)(VI)(ia)*

MCROV Madera ਕਾਉਂਟੀ ਦੀਆਂ ਸੰਘੀ ਅਤੇ ਰਾਜ ਦੀਆਂ ਲੋੜੀਂਦੀਆਂ ਭਾਸ਼ਾਵਾਂ ਲਈ ਦੋਭਾਸ਼ੀ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰੇਗਾ। ਇਸ ਵੇਲੇ ਲੋੜੀਂਦੀਆਂ ਭਾਸ਼ਾਵਾਂ ਸਪੈਨਿਸ਼ ਅਤੇ ਪੰਜਾਬੀ ਹਨ।

ਇਹ ਵਰਕਸ਼ਾਪਾਂ ਹਰੇਕ ਚੋਣ ਤੋਂ ਪਹਿਲਾਂ ਆਯੋਜਿਤ ਕੀਤੀਆਂ ਜਾਣਗੀਆਂ ਅਤੇ ਕਾਉਂਟੀ ਦੇ ਭਾਸ਼ਾਈ ਭਾਈਚਾਰਿਆਂ ਨੂੰ ਵੋਟ ਕੇਂਦਰ ਮਾਡਲ ਵੋਟਿੰਗ ਪ੍ਰਕਿਰਿਆ ਤੋਂ ਇਲਾਵਾ, ਨਿਸ਼ਚਿਤ ਭਾਸ਼ਾ ਵਿੱਚ ਉਪਲਬਧ ਸਮੱਗਰੀ ਅਤੇ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਦੇਣਗੀਆਂ। ਸਾਰੀਆਂ ਵਰਕਸ਼ਾਪਾਂ ਵਿੱਚ ਹਾਜ਼ਰ ਹੋਣ ਵਾਲਿਆਂ ਦੀ ਸਹਾਇਤਾ ਕਰਨ ਲਈ ਭਾਸ਼ਾ ਸੰਬੰਧੀ ਦੁਭਾਸ਼ੀਏ ਹੋਣਗੇ। ਵਰਕਸ਼ਾਪ ਸਮਾਗਮਾਂ ਬਾਰੇ ਜਾਣਕਾਰੀ ਮੀਟਿੰਗ ਦੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਘੋਸ਼ਿਤ ਕੀਤੀ ਜਾਵੇਗੀ।

ਵਰਕਸ਼ਾਪਾਂ ਦੌਰਾਨ ਵਰਤੇ ਜਾਣ ਵਾਲੀ ਸਮੱਗਰੀ ਨੂੰ ਹਾਲੇ ਵੀ ਇਸ ਸਮੇਂ ਵਿਕਸਤ ਕੀਤਾ ਜਾ ਰਿਹਾ ਹੈ। ਜਿਵੇਂ ਹੀ ਇਹ ਉਪਲਬਧ ਹੁੰਦੀ ਹੈ, ਇਹ MCROV ਦੀ ਵੈੱਬਸਾਈਟ, www.votemadera.com 'ਤੇ ਅੰਗਰੇਜ਼ੀ, ਸਪੈਨਿਸ਼ ਅਤੇ ਪੰਜਾਬੀ ਵਿੱਚ ਉਪਲਬਧ ਹੋਵੇਗੀ।

## 1-I *ਘੱਟ-ਗਿਣਤੀ ਭਾਸ਼ਾਈ ਨਾਗਰਿਕਾਂ ਲਈ ਜਨਤਕ ਸੇਵਾ ਘੋਸ਼ਣਾ*

*§4005(a)(10)(I)(i)(IX)*

MCROV ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੇ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਅਤੇ ਟੋਲ-ਫ੍ਰੀ ਸਹਾਇਤਾ ਦੀ ਹੌਟਲਾਈਨ ਬਾਰੇ ਸੂਚਿਤ ਕਰਨ ਲਈ ਜਨਤਕ ਸੇਵਾ ਘੋਸ਼ਣਾਵਾਂ ਦੀ ਵਰਤੋਂ ਕਰੇਗਾ। PSAs ਘੱਟ ਗਿਣਤੀ ਭਾਸ਼ਾ ਦੇ ਟੈਲੀਵਿਜ਼ਨ, ਰੇਡੀਓ ਅਤੇ ਅਖ਼ਬਾਰਾਂ ਦੁਆਰਾ ਵੰਡੇ ਜਾਣਗੇ।

## ਅਸਮਰਥਤਾ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਉਟਰੀਚ

MCROV ਨੇ ਅਸਮਰਥਤਾਵਾਂ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤਕ ਪਹੁੰਚ ਬਾਰੇ ਸਲਾਹ ਦੇਣ ਅਤੇ ਸਹਾਇਤਾ ਕਰਨ ਲਈ ਅਕਤੂਬਰ 2017 ਵਿੱਚ ਇਕ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦੀ ਸਥਾਪਨਾ ਕੀਤੀ ਸੀ। VAAC ਵਿੱਚ ਸਥਾਨਕ ਵਸਨੀਕ ਸ਼ਾਮਲ ਹਨ ਜੋ ਅਸਮਰਥਤਾ` ਭਾਈਚਾਰੇ ਦੀ ਵਕਾਲਤ ਕਰਦੇ ਹਨ।

### 1-J *ਵੈੱਬਸਾਈਟ 'ਤੇ ਜਨਤਕ ਤੌਰ 'ਤੇ ਪਹੁੰਚਯੋਗ ਜਾਣਕਾਰੀ ਉਪਲਬਧ ਹੈ*

*§4005(a)(10)(I)(i)(IV)*

MCROV ਦੀ ਵੈੱਬਸਾਈਟ (www.votemadera.com) 'ਤੇ ਜਾਣਕਾਰੀ ਪਹੁੰਚਯੋਗ ਫਾਰਮੈਟਾਂ ਵਿੱਚ ਮੌਜੂਦ ਹੈ ਅਤੇ ਜਨਤਕ ਤੌਰ 'ਤੇ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸਨ ਯੋਜਨਾ ਅਤੇ ਵੋਟਰਾਂ ਦੀ ਵੋਟਰਾਂ ਦੀ ਚੋਣ ਅਧਿਨਿਯਮ ਨਾਲ ਜੁੜੀ ਹੋਰ ਜਾਣਕਾਰੀ ਦੇ ਨਾਲ-ਨਾਲ ਵੋਟ ਪਾਉਣ ਲਈ ਰਜਿਸਟਰ ਹੋਣ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਸ਼ਾਮਲ ਹੈ। ਚੋਣ-ਸੰਬੰਧੀ ਜਾਣਕਾਰੀ ਵੈੱਬਸਾਈਟ 'ਤੇ ਪਹੁੰਚਯੋਗ ਫਾਰਮੈਟ ਵਿੱਚ ਵੀ ਉਪਲਬਧ ਹੈ।

ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣਗੀਆਂ:

1) ਸਾਰੇ ਵੋਟਰਾਂ ਨੂੰ ਡਾਕ-ਰਾਹੀਂ-ਵੋਟ (VBM) ਬੈਲਟ ਮਿਲੇਗਾ
2) ਕਿਸੇ ਵੀ ਵੋਟ ਕੇਂਦਰ ਵਿਖੇ ਪਹੁੰਚਯੋਗ ਵੋਟਿੰਗ ਡਿਵਾਈਸ ਦੀ ਵਰਤੋਂ ਕਰਨ ਦਾ ਵਿਕਲਪ, ਅਤੇ ਡਿਵਾਈਸ ਨੂੰ ਵਰਤਣ ਦਾ ਤਰੀਕਾ
3) ਕਾਉਂਟੀ ਦੇ ਦੂਰੋਂ ਪਹੁੰਚਯੋਗ ਡਾਕ-ਰਾਹੀਂ-ਵੋਟ (RAVBM) ਪ੍ਰੋਗਰਾਮ ਰਾਹੀਂ ਪਹੁੰਚਯੋਗ ਬੈਲਟ ਲਈ ਬੇਨਤੀ ਕਰਨ, ਉਸ 'ਤੇ ਨਿਸ਼ਾਨ ਲਗਾਉਣ ਅਤੇ ਸਬਮਿਟ ਕਰਨ ਦਾ ਢੰਗ।

### 1-K **ਇਸ ਬਾਰੇ ਵਰਣਨ ਕਿ ਕਾਉਂਟੀ ਚੋਣ ਅਧਿਕਾਰੀ ਜਨਤਾ ਨੂੰ ਇਸ ਭਾਗ ਦੇ ਪ੍ਰਾਵਧਾਨਾਂ ਬਾਰੇ ਕਿਵੇਂ ਸਿੱਖਿਅਤ ਕਰਨਗੇ ਅਤੇ ਜਾਣਕਾਰੀ ਦੇਣਗੇ, ਜਿਸ ਵਿੱਚ ਸ਼ਾਮਲ ਹੈ: ਅਸਮਰਥਤਾ ਭਾਈਚਾਰਾ, ਉਹਨਾਂ ਸੰਗਠਨਾਂ ਅਤੇ ਵਿਅਕਤੀਆਂ ਸਮੇਤ ਜੋ ਅਸਮਰਥਤਾ ਵਾਲੇ ਵਿਅਕਤੀਆਂ ਦੀ ਤਰਫ਼ੋਂ ਵਕਾਲਤ ਕਰਦੇ ਹਨ ਜਾਂ ਉਹਨਾਂ ਨੂੰ ਸੇਵਾਵਾਂ ਮੁਹੱਈਆ ਕਰਦੇ ਹਨ। ਕਾਉਂਟੀ ਚੋਣ ਅਧਿਕਾਰੀ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਘੱਟੋ-ਘੱਟ ਇੱਕ ਵੋਟਰ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰਨਗੇ।**

*§4005(a)(10)(I)(i)(VI), §4005(a)(10)(I)(i)(VI)(ib)*

ਅਸਮਰਥਤਾ ਭਾਈਚਾਰੇ ਨਾਲ ਵੋਟ ਕੇਂਦਰ ਦੇ ਮਾਡਲ, ਵੋਟਿੰਗ ਦੇ ਵਿਕਲਪਾਂ (RAVBM ਸਹਿਤ), ਅਤੇ ਸਹਾਇਤਾ ਲਈ ਟੋਲ-ਫ੍ਰੀ ਪਹੁੰਚ ਹੌਟਲਾਈਨ ਬਾਰੇ ਕਈ ਤਰੀਕਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਸ਼ਾਮਲ ਹਨ:

1) ਟੈਲੀਵਿਜ਼ਨ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
2) ਅਖ਼ਬਾਰਾਂ (Madera ਕਾਉਂਟੀ ਵਿੱਚ ਆਮ ਸਰਕੁਲੇਸ਼ਨ ਵਾਲੀਆਂ ਨਿਰਣਾਇਕ ਅਖ਼ਬਾਰਾਂ): Madera Tribune, Sierra Star, Chowchilla News)
3) ਰੇਡੀਓ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ)*
4) ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈੱਬਸਾਈਟ (@MaderaElections, @MaderaCounty)
5) ਅਜਿਹੇ ਸਮੂਹਾਂ ਨਾਲ ਸਮੱਗਰੀਆਂ ਨੂੰ ਸਾਂਝਾ ਕਰਨਾ ਜਿਵੇਂ ਕਿ ਭਾਈਚਾਰਕ ਭਾਈਵਾਲ, ਉਹਨਾਂ ਦੇ ਨਿਊਜ਼ਲੈਟਰਾਂ ਲਈ ਚੁਣੇ ਗਏ ਅਧਿਕਾਰੀ, ਸ਼ਹਿਰ, ਵਿਸ਼ੇਸ਼ ਡਿਸਟ੍ਰਿਕਟਾਂ, ਸਕੂਲ ਡਿਸਟ੍ਰਿਕਟਾਂ, ਭਾਈਚਾਰੇ ਅਧਾਰਤ ਸੰਗਠਨ, ਧਰਮ-ਅਧਾਰਤ ਸੰਗਠਨ, ਅਤੇ ਜਨਤਕ ਸੂਚਨਾ ਅਧਿਕਾਰੀ
6) ਮੀਡੀਆ ਉਪਲਬਧਤਾ ਸੈਸ਼ਨ
7) ਜਨਤਕ ਸੇਵਾ ਘੋਸ਼ਣਾਵਾਂ, ਵਿਆਪਕ ਤੌਰ 'ਤੇ ਕਾਉਂਟੀ ਨੂੰ ਸੇਵਾ ਦੇਣ ਵਾਲੀਆਂ ਆਉਟਲੈਟਾਂ ਨੂੰ ਵੰਡੀਆਂ ਜਾਂਦੀਆਂ ਹਨ

   ਕਾਉਂਟੀ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਸਾਬਕਾ ਫੌਜੀਆਂ ਲਈ ਸੇਵਾਵਾਂ, ਪ੍ਰੋਬੇਸ਼ਨ, ਅਤੇ ਬਾਲ ਸਹਾਇਤਾ ਸੇਵਾਵਾਂ)। ਲਾਗੂ ਹੋਣ 'ਤੇ, PSAs ਕਮਜ਼ੋਰ ਨਜ਼ਰ ਵਾਲੇ ਅਤੇ/ਜਾਂ ਸੁਣਨ ਵਿੱਚ ਮੁਸ਼ਕਿਲਾਂ ਵਾਲੇ ਵੋਟਰਾਂ ਲਈ ਪਹੁੰਚਯੋਗ ਹੋਣਗੇ।

***Madera ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ 'ਤੇ Madera ਕਾਉਂਟੀ ਦੇ ਵਸਨੀਕਾਂ ਨੂੰ ਸੇਵਾ ਦਿੰਦੇ ਹਨ। ਇਸ ਦੀ ਬਜਾਏ, Madera ਕਾਉਂਟੀ ਦੇ ਵਸਨੀਕਾਂ ਨੂੰ ਖੇਤਰੀ ਟੈਲੀਵਿਜ਼ਨ ਸਟੇਸ਼ਨਾਂ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ Fresno ਵਿੱਚ ਸਥਿਤ ਹਨ ਅਤੇ ਵਿਆਪਕ ਸੈਂਟ੍ਰਲ ਵੈਲੀ ਖੇਤਰ ਨੂੰ ਸੇਵਾ ਦਿੰਦੇ ਹਨ। ਇਸ ਅਨੁਸਾਰ, MCROV ਸਾਂਝੀ ਲਾਗਤ ਦੇ ਆਧਾਰ 'ਤੇ ਖੇਤਰੀ ਇਸ਼ਤਿਹਾਰ ਅਤੇ ਜਨਤਕ ਸੇਵਾ ਘੋਸ਼ਣਾਵਾਂ ਪ੍ਰਦਾਨ ਕਰਨ ਲਈ ਸਾਡੇ ਆਲੇ-ਦੁਆਲੇ ਦੀਆਂ ਕਾਉਂਟੀਆਂ (Fresno/Merced) ਨਾਲ ਸਾਂਝੇਦਾਰੀ ਕਰਨ ਦੀ ਕੋਸ਼ਿਸ਼ ਕਰੇਗਾ। ਪਿਛਲੀਆਂ ਚੋਣਾਂ ਵਿੱਚ ਇਹ ਪਹੁੰਚ ਸਫਲ ਰਹੀ ਸੀ ਅਤੇ ਜਦੋਂ ਵੀ ਸੰਭਵ ਹੋ ਸਕੇ ਦੁਹਰਾਇਆ ਜਾਵੇਗਾ।***

***ਸਥਾਨਕ ਮੀਡੀਆ ਨਾ ਹੋਣ ਦੀ ਸੀਮਾ ਨੂੰ ਘਟਾਉਣ ਲਈ, Madera ਕਾਉਂਟੀ ਰਜਿਸਟਰਾਰ ਦੇ ਦਫਤਰ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਇੱਕ ਤੀਬਰ ਬੁਨਿਆਦੀ ਕੋਸ਼ਿਸ਼ ਸ਼ੁਰੂ ਕੀਤੀ ਹੈ, ਜਿਵੇਂ ਕਿ ਸਾਡੀਆਂ ਭਾਈਚਾਰਕ ਮੀਟਿੰਗਾਂ ਦੌਰਾਨ ਹਿੱਤਧਾਰਕਾਂ ਦੁਆਰਾ ਸੁਝਾਇਆ ਗਿਆ ਸੀ। ਹਿੱਤਧਾਰਕਾਂ ਨੇ ਸੰਕੇਤ ਦਿੱਤਾ ਹੈ ਕਿ ਉਹਨਾਂ ਦੇ ਭਾਈਚਾਰਿਆਂ ਦੇ ਵੋਟਰਾਂ ਦੁਆਰਾ ਉਹਨਾਂ ਸਥਾਨਕ ਸੰਸਥਾਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕਰਵਾਏ ਜਾ ਰਹੇ ਆਊਟਰੀਚ ਕਾਰਜਾਂ 'ਤੇ ਪ੍ਰਤਿਕਿਰਿਆ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਜਿਨ੍ਹਾਂ ਨਾਲ ਉਹਨਾਂ ਦੇ ਪਹਿਲਾਂ ਤੋਂ ਹੀ ਮੌਜੂਦਾ ਸੰਬੰਧ ਹਨ। ਇਸ***

***ਤਰ੍ਹਾਂ, ਰਜਿਸਟਰਾਰ ਦੇ ਦਫਤਰ ਦੀ ਭਾਈਚਾਰਕ ਭਾਈਵਾਲਾਂ ਦੇ ਨਾਲ ਪ੍ਰਸਤੁਤੀਆਂ ਕਰਨ ਦੀ ਯੋਜਨਾ ਹੈ। ਰਜਿਸਟਰਾਰ ਦੀ ਵੈੱਬਸਾਈਟ/ਸ਼ੋਸ਼ਲ ਮੀਡੀਆ ਸਾਈਟਾਂ 'ਤੇ ਵੀ ਨਿਰਧਾਰਤ ਵਿਖਾਲਿਆਂ ਦੀ ਸੂਚੀ ਹੋਵੇਗੀ ਜਿਸ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਕੀਤਾ ਜਾਵੇਗਾ, ਜਿਸ ਨਾਲ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਇਹ ਚੁਣਨ ਦਾ ਮੌਕਾ ਮਿਲੇਗਾ ਕਿ ਉਹ ਕਦੋਂ ਅਤੇ ਕਿੱਥੇ ਹਿੱਸਾ ਲੈ ਸਕਦੇ ਹਨ।***

ਇਸ ਤੋਂ ਇਲਾਵਾ, Madera ਕਾਉਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਟੀਚਾਗਤ ਟੈਲੀਵਿਜ਼ਨ PSA's ਬਾਰੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਨਾਲ ਤਾਲਮੇਲ ਕਰੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਹ PSA's ਸਿਰਫ਼ Madera ਕਾਉਂਟੀ ਦੇ ਸਰੋਤਿਆਂ ਤੱਕ ਪਹੁੰਚ ਕਰਨਗੇ। ਇਸ ਵਿਧੀ ਨਾਲ, ਜਿੱਥੇ ਤਕ ਸੰਭਵ ਹੋ ਸਕੇ, ਵੋਟਰਾਂ ਲਈ ਉਲਝਣ ਨੂੰ ਘੱਟ ਤੋਂ ਘੱਟ ਕਰਦੇ ਹੋਏ ਟੈਲੀਵੀਜ਼ਨ ਮੀਡੀਆ ਦੀ ਵਰਤੋਂ ਕੀਤੀ ਜਾ ਸਕੇਗੀ।

MCROV ਹਰੇਕ ਚੋਣ ਤੋਂ ਪਹਿਲਾਂ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਇੱਕ ਵੋਟਰ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰੇਗਾ। ਵਰਕਸ਼ਾਪ ਵਿੱਚ ਵੋਟ ਕੇਂਦਰ ਮਾਡਲ ਬਾਰੇ ਸਿੱਖਿਆ, ਨਵੇਂ ਵੋਟਿੰਗ ਉਪਕਰਨਾਂ ਦੇ ਪ੍ਰਦਰਸ਼ਨ, ਵੋਟਿੰਗ ਉਪਕਰਨਾਂ ਦੀ ਪਹੁੰਚਯੋਗਤਾ, ਬੈਲਟ ਡ੍ਰੌਪ-ਔਫ਼ ਬਾਰੇ ਜਾਣਕਾਰੀ ਅਤੇ ਇੱਕ ਰਿਮੋਟ ਪਹੁੰਚਯੋਗ ਡਾਕ-ਰਾਹੀਂ-ਵੋਟ ਬੈਲਟ ਇਲੈਕਟ੍ਰਾਨਿਕ ਤਰੀਕੇ ਨਾਲ ਪ੍ਰਾਪਤ ਕਰਨ ਦੇ ਵਿਕਲਪ ਸ਼ਾਮਲ ਹੋਣਗੇ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹੋਣਗੇ। ਵਰਕਸ਼ਾਪ ਬਾਰੇ ਜਾਣਕਾਰੀ ਮੀਟਿੰਗ ਦੀ ਤਾਰੀਖ਼ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਘੋਸ਼ਿਤ ਕੀਤੀ ਜਾਵੇਗੀ।

## ਅਪਰਾਧਿਕ ਇਤਿਹਾਸ ਅਤੇ ਸੁਧਾਰਾਤਮਕ ਸੰਸਥਾਂਵਾਂ ਵਾਲੇ ਵਿਅਕਤੀਆਂ ਨੂੰ ਸਿੱਖਿਆ ਅਤੇ ਆਊਟਰੀਚ

ਚੋਣ ਜ਼ਾਬਤੇ 4005 ਵਿੱਚ ਖਾਸ ਤੌਰ 'ਤੇ ਲੋੜੀਂਦੇ ਨਾ ਹੋਣ ਦੇ ਬਾਵਜੂਦ, Madera ਕਾਉਂਟੀ ਅਪਰਾਧਿਕ ਇਤਿਹਾਸ ਵਾਲੇ ਵਿਅਕਤੀਆਂ ਅਤੇ Madera ਕਾਉਂਟੀ ਜੇਲ੍ਹ ਵਿੱਚ ਬੰਦ ਵਿਅਕਤੀਆਂ ਨੂੰ ਉਹਨਾਂ ਦੀ ਵੋਟ ਪਾਉਣ ਦੀ ਯੋਗਤਾ, ਵੋਟ ਪਾਉਣ ਲਈ ਰਜਿਸਟਰ ਕਰਨ ਅਤੇ ਵੋਟ ਕਿਵੇਂ ਪਾਉਣੀ ਹੈ, ਬਾਰੇ ਜਾਣਕਾਰੀ ਦੇਣ ਦੇ ਯਤਨ ਜਾਰੀ ਰੱਖੇਗੀ। ਆਊਟਰੀਚ ਵਿੱਚ ਕਾਉਂਟੀ ਪ੍ਰੋਬੇਸ਼ਨ ਔਫ਼ਿਸ, Madera ਕਾਉਂਟੀ ਜੇਲ੍ਹ ਅਤੇ ਆਮ ਜਨਤਾ ਦੀ ਸੇਵਾ ਕਰਨ ਵਾਲੀਆਂ ਸੰਸਥਾਂਵਾਂ/ਏਜੰਸੀਆਂ ਨੂੰ ਅਪਰਾਧਿਕ ਇਤਿਹਾਸ ਵਾਲੇ ਵਿਅਕਤੀਆਂ (ਅੰਤਿਕਾ ਵਿੱਚ ਸ਼ਾਮਲ) ਲਈ ਵੋਟਿੰਗ ਅਧਿਕਾਰਾਂ ਬਾਰੇ ਤੱਥ ਸ਼ੀਟਾਂ ਨੂੰ ਵੰਡਣਾ ਸ਼ਾਮਲ ਹੋਵੇਗਾ।

ਇਸ ਤੋਂ ਇਲਾਵਾ, MCROV ਕਾਉਂਟੀ ਜੇਲ੍ਹ ਨੂੰ ਕੈਲੀਫੋਰਨੀਆ ਵੋਟਰ ਰਜਿਸਟ੍ਰੇਸ਼ਨ ਕਾਰਡ, ਪੋਸਟਰ/ਪੋਸਟਕਾਰਡ (ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਦੁਆਰਾ ਪ੍ਰਦਾਨ ਕੀਤੇ ਗਏ) ਪ੍ਰਦਾਨ ਕਰੇਗਾ। ਉਹਨਾਂ ਦੇ ਵੋਟਿੰਗ ਅਧਿਕਾਰਾਂ, ਵੋਟ ਲਈ ਰਜਿਸਟਰ ਕਰਨ ਦੇ ਤਰੀਕੇ ਅਤੇ ਵੋਟਿੰਗ ਪ੍ਰਕਿਰਿਆ ਬਾਰੇ ਹਦਾਇਤਾਂ ਨੂੰ ਦਰਸਾਉਂਦੀ ਇੱਕ ਚਿੱਠੀ ਸੰਸਥਾ ਵਿੱਚ ਹਰੇਕ ਕੈਦੀ ਨੂੰ ਵੰਡੀ ਜਾਵੇਗੀ।

## ਸਿੱਖਿਆ ਅਤੇ ਆਊਟਰੀਚ ਦੇ ਅਨੁਮਾਨਿਤ ਖਰਚੇ

Madera ਕਾਉਂਟੀ ਯੋਜਨਾ ਦੇ ਇਸ ਹਿੱਸੇ ਵਿੱਚ ਦੱਸੀਆਂ ਲੋੜੀਂਦੀਆਂ ਆਊਟਰੀਚ ਗਤੀਵਿਧੀਆਂ ਲਈ ਫੰਡ ਦੇਣ ਦੀ ਕੋਸ਼ਿਸ਼ ਵਿੱਚ ਹੇਠ ਲਿਖੀਆਂ ਰਕਮਾਂ, ਪ੍ਰਤੀ ਚੋਣ, ਖਰਚਣ ਦੀ ਉਮੀਦ ਕਰਦੀ ਹੈ।

| ਆਊਟਰੀਚ ਗਤੀਵਿਧੀ | 2024 ਲਈ ਅਨੁਮਾਨਿਤ ਖਰਚੇ | 2022 ਦੇ ਖਰਚੇ | 2020 ਦੇ ਖਰਚੇ |
|---|---|---|---|
| ਅਖ਼ਬਾਰ ਪ੍ਰਕਾਸ਼ਨ (ਕਾਨੂੰਨੀ ਨੋਟਿਸ, ਇਸ਼ਤਿਹਾਰ) | $4,000 | $3,000 | $3,000 |
| ਰੇਡੀਓ PSA (ਸਕ੍ਰਿਪਟ ਤਿਆਰ ਕਰਨੀ, ਇੰਟਰਵਿਊ ਦੀ ਉਪਲਬਧਤਾ, ਅਨੁਵਾਦ ਸੇਵਾਵਾਂ) | $3,000 | $1,000 | $1,000 |
| ਸਿੱਧੇ ਵੋਟਰ ਨਾਲ ਸੰਪਰਕ ਮੇਲ (ਸੈਕਸ਼ਨ 1-D ਦੇਖੋ) | $50,000 | $45,000 | $40,000 |
| ਜਨਤਕ ਵਰਕਸ਼ਾਪਾਂ, ਮੀਟਿੰਗਾਂ, ਪੇਸ਼ਕਾਰੀਆਂ | $3,000 | $2,500 | $3,000 |
| ਸੋਸ਼ਲ ਮੀਡੀਆ ਇਸ਼ਤਿਹਾਰ | $5,000 | $0.00 | $1,500 |
| ਟੈਲੀਵਿਜ਼ਨ PSA/ਇਸ਼ਤਿਹਾਰ | $2,500 | $1,000 | $1,000 |

# ਸੈਕਸ਼ਨ 2 - ਚੋਣ ਪ੍ਰਸ਼ਾਸਨ ਯੋਜਨਾ - ਵੋਟ ਕੇਂਦਰ ਮਾਡਲ

## ਆਮ

**2-A** ***ਟੋਲ-ਫ੍ਰੀ ਫੋਨ ਪਹੁੰਚ***

*§4005(a)(10)(I)(vii)*

MCROV ਸਾਰੇ ਕਾਰੋਬਾਰੀ ਸਮਿਆਂ ਦੌਰਾਨ ਟੋਲ-ਫ੍ਰੀ ਫੋਨ ਸਹਾਇਤਾ ਪੇਸ਼ ਕਰਦਾ ਹੈ। ਫੈਡਰਲ/ਰਾਜ ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਕਾੱਲ ਕਰਨ ਵਾਲਿਆਂ ਦੀ ਮਦਦ ਕਰਨ ਲਈ ਸਟਾਫ਼ ਉਪਲਬਧ ਹੈ।

ਟੋਲ-ਫ੍ਰੀ ਹੌਟਲਾਈਨ (800) 435-0509

## ਬੈਲਟ ਤਕ ਪਹੁੰਚ

**2-B** ***ਅਸਮਰਥਤਾਵਾਂ ਵਾਲੇ ਵੋਟਰਾਂ ਦੁਆਰਾ VBM ਬੈਲਟ ਤੱਕ ਪਹੁੰਚ***

*§4005(a)(10)(I)(ii)*

**ਡਾਕ ਰਾਹੀਂ ਡਾਕ-ਰਾਹੀਂ-ਵੋਟ (VBM) ਬੈਲਟ ਪ੍ਰਾਪਤ ਕਰਨਾ**

